
ਮਿੱਧੇ ਹੋਏ ਫੁੱਲ
ਨਾਨਕ ਸਿੰਘ

# ਮਿੱਧੇ ਹੋਏ ਫੁੱਲ

ਨਾਨਕ ਸਿੰਘ

ਲੋਕ ਸਾਹਿਤ ਪ੍ਰਕਾਸ਼ਨ
ਅੰਮ੍ਰਿਤਸਰ

# ਨਾਨਕ ਸਿੰਘ ਸਾਹਿਤ

ਗਗਨ ਦਮਾਮਾ ਬਾਜਿਆ, ਸਰਾਪੀਆਂ ਰੂਹਾਂ, ਕੋਈ ਹਰਿਆ ਬੂਟ ਰਹਿਓ ਰੀ, ਇਕ ਮਿਆਨ ਦੋ ਤਲਵਾਰਾਂ, ਛਲਾਵਾ, ਪੁਜਾਰੀ, ਬੰਜਰ, ਸੰਗਮ, ਆਸਤਕ ਨਾਸਤਕ, ਨਾਸੂਰ, ਆਦਮਖੋਰ, ਮੰਝਧਾਰ, ਧੁੰਦਲੇ ਪਰਛਾਵੇਂ, ਗਰੀਬ ਦੀ ਦੁਨੀਆਂ, ਪਿਆਰ ਦੀ ਦੁਨੀਆਂ, ਮੇਰੀ ਦੁਨੀਆਂ, ਚਿੱਤ੍ਰਕਾਰ, ਸੁਮਨ ਕਾਂਤਾ, ਕੱਟੀ ਹੋਈ ਪਤੰਗ, ਅੱਗ ਦੀ ਖੇਡ, ਟੁੱਟੀ ਵੀਣਾ, ਗੰਗਾਜਲੀ ਵਿਚ ਸ਼ਰਾਬ, ਖ਼ੂਨ ਦੇ ਸੋਹਿਲੇ, ਪਵਿੱਤਰ ਪਾਪੀ, ਚਿੱਟਾ ਲਹੂ, ਫ਼ੌਲਾਦੀ ਫੁੱਲ, ਲਵ ਮੈਰਿਜ, ਜੀਵਨ ਸੰਗਰਾਮ, ਦੂਰ ਕਿਨਾਰਾ, ਅੱਧ ਖਿੜਿਆ ਫੁੱਲ, ਪੱਥਰ ਕਾਂਬਾ, ਕਾਗਤਾਂ ਦੀ ਬੇੜੀ, ਪ੍ਰਾਸਚਿਤ, ਕਾਲ ਚੱਕਰ, ਮਤਰੇਈ ਮਾਂ, ਪਾਪ ਦੀ ਖੱਟੀ, ਸੂਲਾਂ ਦੀ ਸੇਜ, ਪੱਤਝੜ ਦੇ ਪੰਛੀ, ਸੱਧਰਾਂ ਦੇ ਹਾਰ, ਹੰਝੂਆਂ ਦੇ ਹਾਰ, ਸੁਪਨਿਆਂ ਦੀ ਕਬਰ, ਵਰ ਨਹੀਂ ਸਰਾਪ, ਅਣਸੀਤੇ ਜ਼ਖਮ, ਪੱਥਰ ਦੇ ਖੰਭ, ਮਿੱਠਾ ਮਹੁਰਾ, ਪ੍ਰੇਮ ਸੰਗੀਤ, ਫ਼ਰਾਂਸ ਦਾ ਡਾਕੂ, ਰਜਨੀ, ਸੁਨਹਿਰੀ ਜਿਲਦ, ਠੰਢੀਆਂ ਛਾਂਵਾਂ, ਮਿੱਧੇ ਹੋਏ ਫੁੱਲ, ਤਸਵੀਰ ਦੇ ਦੋਵੇਂ ਪਾਸੇ, ਬੀ. ਏ. ਪਾਸ, ਮੇਰੀਆਂ ਕਹਾਣੀਆਂ, ਮੇਰੇ ਨਾਟਕ, ਤਾਸ਼ ਦੀ ਆਦਤ, ਲੰਮਾ ਪੈਂਡਾ।

......ਇਕ ਨਵੀਂ ਤੇ ਅਨਹੋਣੀ ਸ਼ੰਕਾ ਮੇਰੇ ਦਿਲ ਨੂੰ ਟੁੰਬਣ ਲੱਗੀ, ਪਰ ਮੇਰਾ ਦਿਲ ਅਜੇ ਵੀ ਉਸ ਨੂੰ ਕਬੂਲਣੋਂ ਅਸਮਰੱਥ ਸੀ। ਮੁੜ ਮੁੜ ਮੇਰੇ ਅੰਦਰੋਂ ਇਕ ਪ੍ਰਸ਼ਨ ਉਠਦਾ—"ਕੀ ਪਾਣੀ ਪੁਣ ਕੇ ਪੀਣ ਵਾਲੇ, ਲਹੂ ਅਣਪੁਣਿਆ ਹੀ ਪੀ ਜਾਂਦੇ ਹਨ ?......।

*(ਕਹਾਣੀ 'ਮਿੱਧੇ ਹੋਏ ਫੁੱਲ' ਵਿਚੋਂ)*

# ਤਰਤੀਬ


| | |
|---|---|
| ਦੋ ਚਾਰ ਗੱਲਾਂ | 9 |
| ਮਿੱਧੇ ਹੋਏ ਫੁੱਲ | 11 |
| ਹਨੇਰਾ ਚੰਨ | 38 |
| ਮੇਰੀ ਆਪ ਬੀਤੀ ਵਿਚੋਂ ਕੱਲੋ | 52 |
| ਰੱਬ ਆਪਣੇ ਅਸਲੀ ਰੂਪ ਵਿਚ | 67 |
| ਵੱਡਾ ਡਾਕਟਰ | 72 |
| ਭਾਬੀ | 84 |
| ਮੋਤੀ ਨੂੰ ਮੁਲੰਮਾ | 97 |


ਨੋਟ→ ਇਸ ਵਿਚਲੀਆਂ ਸਾਰੀਆਂ ਕਹਾਣੀਆਂ ਵਿਅਕਤੀਗਤ ਜੀਵਨ ਨੂੰ ਸੇਧ ਦੇਣ ਵਾਲੀਆਂ ਹਨ। ਇਸ ਲਈ ਜ਼ਰੂਰ ਪੜ੍ਹੋ। ਜ. [illegible]

# ਦੋ ਚਾਰ ਗੱਲਾਂ

ਪੱਥਰ-ਘਾੜੇ ਨੇ ਚਟਾਨ ਨੂੰ ਕੱਟ ਤਰਾਸ਼ ਕੇ ਇਕ ਅਤਿ ਸੁੰਦਰ ਬੁਤ ਤਿਆਰ ਕੀਤਾ, ਜਿਸ ਨੂੰ ਵੇਖ ਕੇ ਲੋਕੀਂ ਕਹਿ ਉਠੇ—'ਬਹੁਤ ਸੋਹਣਾ ਬਣਾਇਆ ਸੂ, ਜਾਨ ਪਾ ਦਿੱਤੀ ਸੁ' ਪਰ ਪੱਥਰ-ਘਾੜਾ ਕਹਿੰਦਾ ਹੈ—'ਮੈਂ ਏਸ ਵਿਚ ਕੁਝ ਵੀ ਨਹੀਂ ਪਾਇਆ, ਸਗੋਂ ਜੋ ਕੁਝ ਏਸ ਵਿਚ ਵਾਧੂ ਸੀ ਉਸ ਨੂੰ ਕੱਢ ਦਿੱਤਾ ਹੈ।'

ਐਨ ਇਹੋ ਉਕਤੀ ਕਹਾਣੀ-ਕਲਾ ਉਤੇ ਘੱਟਦੀ ਹੈ। ਕਹਾਣੀ-ਲੇਖਕ ਅਸਲ ਵਿਚ ਆਪਣੇ ਕੋਲੋਂ ਨਹੀਂ ਲਿਖਦਾ। ਉਸ ਦੇ ਸਾਹਮਣੇ ਮਨੁੱਖੀ ਜੀਵਨ ਇਕ ਮਹਾਨ ਕਹਾਣੀ ਕੋਸ਼ ਮੌਜੂਦ ਹੈ, ਜਿਸ ਦੇ ਹਰ ਇਕ ਪੰਨੇ ਤੇ ਕੋਈ ਨਵੀਂ ਤੋਂ ਨਵੀਂ ਕਹਾਣੀ ਅੰਕਿਤ ਹੈ। ਲੇਖਕ ਦੀ ਅਨੁਭਵੀ ਅੱਖ ਉਸ ਕੋਸ਼ ਵਿਚੋਂ ਜੋ ਕੁਝ ਪੜ੍ਹਦੀ ਹੈ, ਉਸੇ ਨੂੰ ਉਹ ਡੀਲ ਡੌਲ ਕੇ ਦੁਨੀਆਂ ਸਾਹਵੇਂ ਰੱਖ ਦੇਂਦਾ ਹੈ। ਪੱਥਰ-ਘਾੜੇ ਨੂੰ ਜਿਸ ਤਰ੍ਹਾਂ ਹਰ ਇਕ ਪੱਥਰ ਵਿਚ ਨਵੇਂ ਤੋਂ ਨਵੇਂ ਬੁੱਤ ਦਾ ਝਾਵਲਾ ਪੈਂਦਾ ਹੈ, ਏਸੇ ਤਰ੍ਹਾਂ ਇਕ ਕਹਾਣੀ-ਕਾਰ ਨੂੰ ਪ੍ਰਕ੍ਰਿਤੀ ਦੀ ਹਰ ਦਿਸਦੀ ਚੀਜ਼ ਦੇ ਪਿਛੇ ਕੋਈ ਨਾ ਕੋਈ ਕਹਾਣੀ ਲੁਕੀ ਹੋਈ ਲੱਭਦੀ ਹੈ।

ਮੇਰੀ ਲੇਖਣੀ ਵਿਚ ਅਜੇ ਉਹ ਕਹਾਣੀ-ਚਿਤੇਰੇ ਵਾਲੀ ਸੂਝ ਨਹੀਂ ਆਈ। ਇਹੋ ਹੀ ਕਾਰਨ ਹੈ ਕਿ ਮੈਂ ਆਪਣੇ ਆਪ ਨੂੰ ਤਿੰਨਾਂ ਤੇਰ੍ਹਾਂ ਵਿਚ ਨਹੀਂ ਗਿਣਦਾ। ਤਾਂ ਵੀ ਮੈਨੂੰ ਇਕ ਗੱਲ ਦਾ ਸੰਤੋਖ ਹੈ, ਕਿ ਆਪਣੇ ਪਾਠਕਾਂ ਨੂੰ ਅੱਜ ਤਕ ਮੈਂ ਜੋ ਕੁਝ ਜਿਹੋ ਜਿਹਾ ਦਿੱਤਾ ਹੈ, ਉਸ ਨੂੰ ਸਨਮਾਨਿਆ ਗਿਆ ਹੈ। ਇਸ ਵਿਚ ਮੇਰੀ ਖ਼ੁਸ਼-ਕਿਸਮਤੀ ਸਮਝੋ ਜਾਂ ਮੇਰੇ ਪਾਠਕਾਂ ਦੀ ਖੁਲ੍ਹ-ਦਿਲੀ, ਕਿ ਮੇਰੀਆਂ ਦੋ ਦਰਜਨ ਕਿਤਾਬਾਂ ਵਿਚੋਂ ਇਕ ਵੀ ਅਜਿਹੀ ਨਹੀਂ ਜਿਸ ਨੇ ਪਾਠਕਾਂ ਪਾਸੋਂ ਸ਼ਲਾਘਾ ਦਾ ਜਜ਼ੀਆ ਨਾ ਵਸੂਲ ਕੀਤਾ ਹੋਵੇ।

ਭਾਵੇਂ ਮੈਂ ਜਾਣਦਾ ਹਾਂ ਕਿ ਇਹ ਕਹਾਣੀ ਸੰਗ੍ਰਹਿ ਕੋਈ ਏਡੀ ਵਧੀਆ ਚੀਜ਼ ਨਹੀਂ ਜਿਹੜੀ ਤੁਸਾਂ ਸਭਨਾਂ ਨੂੰ ਖੁਸ਼ ਕਰ ਸਕੇ, ਪਰ ਤਾਂ ਵੀ ਤੁਹਾਡੇ ਵਿਚੋਂ ਜਿਨ੍ਹਾਂ ਦੇ ਦਿਲ ਵਿਚ ਗਰੀਬਾਂ ਤੇ ਮਜ਼ਲੂਮਾਂ ਲਈ ਕੁਝ ਥਾਂ ਮੌਜੂਦ ਹੈ, ਉਨ੍ਹਾਂ ਨੂੰ ਇਨ੍ਹਾਂ ਸੁੱਕੇ ਫੁਲਾਂ ਵਿਚੋਂ ਵੀ ਕਰੁਣਾ ਦੀ ਨਿੰਮ੍ਹੀ ਨਿੰਮ੍ਹੀ ਖੁਸ਼ਬੋ ਜ਼ਰੂਰ ਆਵੇਗੀ। ਖ਼ੁਸ਼ਬੋ ਦੇ ਨਾਲ ਹੀ ਹੋ ਸਕਦਾ ਹੈ ਕਿ ਕੋਈ ਕੋਈ ਕਹਾਣੀ ਪੜ੍ਹ ਕੇ ਕੁਝ ਨਫ਼ਰਤ ਜਹੀ ਵੀ ਤੁਹਾਡੇ ਅੰਦਰ ਪੈਦਾ ਹੋ ਜਾਵੇ—ਉਨ੍ਹਾਂ ਪਾਖੰਡੀ ਆਗੂਆਂ ਲਈ, ਜਿਨ੍ਹਾਂ ਦਾ ਪੇਸ਼ਾ ਹੈ ਪੋਥੀਆਂ ਵਾਹ ਵਾਹ ਕੇ ਦੁਨੀਆਂ ਨੂੰ ਲੁੱਟਣਾ ਤੇ ਫਸਾਦਾਂ ਦੇ ਨਵੇਂ ਤੋਂ ਨਵੇਂ ਮੁੱਢ ਬੰਨ੍ਹਣੇ, ਜਿਨ੍ਹਾਂ ਦੀ ਕਿਰਪਾ ਨਾਲ ਭਾਰਤ ਵਰਸ਼ ਦੇ ਹਜ਼ਾਰਾਂ ਘਰ ਬਰਬਾਦ ਹੋ ਚੁਕੇ ਤੇ ਬੇ-ਓੜਕ ਸੁੰਦਰੀਆਂ ਦੇ ਸਤ ਲੁਟੇ ਗਏ ਹਨ।

*ਤੁਹਾਡਾ ਹਿਤੂ—*
ਨਾਨਕ ਸਿੰਘ

ਪ੍ਰੀਤ ਨਗਰ
੧-੯-੪੧

# ਮਿੱਧੇ ਹੋਏ ਫੁੱਲ

ਮਜ਼ਬੀ ਆਗੂਆਂ ਦੀਆਂ ਕਾਲੀਆਂ ਕਰਤੂਤਾਂ ਵੇਖ ਵੇਖ ਕੇ ਮੇਰਾ ਦਿਲ ਹੁੱਸੜ ਗਿਆ ਸੀ ਤੇ ਮੈਂ ਮਜ਼ਬਾਂ ਤੋਂ ਲਗਪਗ ਬਾਗ਼ੀ ਹੋ ਚੁੱਕਾ ਸਾਂ, ਜਿਸ ਦੀ ਕਿਰਪਾ ਨਾਲ ਸਾਡਾ ਦੇਸ਼ ਕਰਬੱਲਾ ਤੇ ਮਹਾਂਭਾਰਤ ਦੀ ਰਣ-ਭੂਮੀ ਬਣਿਆਂ ਰਹਿੰਦਾ ਹੈ।

ਇਨ੍ਹਾਂ ਹੀ ਦਿਨਾਂ ਵਿਚ ਮੈਨੂੰ ਇਕ ਮਹਾਂ ਪੁਰਸ਼ ਦੀ ਸੰਗਤ ਦਾ ਸੁਭਾਗ ਪ੍ਰਾਪਤ ਹੋਇਆ। ਗੱਲ ਇਉਂ ਹੋਈ ਕਿ ਇਕ ਦਿਨ ਮੇਰੇ ਕੁਝ ਪੁਰਾਣੇ ਦੋਸਤ ਮੈਨੂੰ ਇਕ ਲੈਕਚਰ ਸੁਣਨ ਲਈ ਲੈ ਗਏ। ਭਾਵੇਂ ਮੈਂ ਮਜ਼ਬੀ ਲੈਕਚਰ ਸੁਣਨੋਂ ਘਬਰਾਂਦਾ ਸਾਂ, ਪਰ ਮਿੱਤਰਾਂ ਦੀ ਖਿੱਚ-ਘਸੀਟ ਦਾ ਸ਼ਿਕਾਰ ਬਣਨਾ ਪਿਆ।

ਲੈਕਚਰ ਦਾ ਵਿਸ਼ਾ ਮੇਰੀ ਦਿਲਚਸਪੀ ਤੋਂ ਖ਼ਾਲੀ ਨਹੀਂ ਸੀ। 'ਗਿਆਨੀ' ਜੀ ਦੀ ਤਕਰੀਰ ਦਾ ਸਾਰਾ ਜ਼ੋਰ ਇਸੇ ਗੱਲ ਤੇ ਸੀ ਕਿ ਅੱਜ ਕਲ੍ਹ ਦੇ ਨੌਜਵਾਨ ਕਿਸ ਤਰ੍ਹਾਂ ਧਰਮ ਤੋਂ ਬੇ-ਮੁੱਖ ਹੋ ਕੇ ਦਿਨੋਂ ਦਿਨ ਨਾਸਤਕਤਾ ਦੇ ਗੰਦੇ ਟੋਏ ਵਿਚ ਡਿੱਗ ਰਹੇ ਹਨ।

ਕਹਿਣ ਦੀ ਲੋੜ ਨਹੀਂ ਕਿ ਗਿਆਨੀ ਜੀ ਦੇ ਲੈਕਚਰ ਵਿਚ ਬੇ-ਓੜਕ ਅਸਰ ਸੀ। ਲੈਕਚਰ ਬਾਦਲੀਲ ਸੀ ਤੇ ਲਹਿਜਾ ਬੜਾ ਹੀ ਹਿਰਦੇ ਛੋਹੀ। ਇਕ ਇਕ ਵਾਕ ਉਨ੍ਹਾਂ ਦੀ ਵਿਦਵਤਾ ਦੀ ਸਾਖੀ ਭਰਦਾ ਸੀ। ਸੁਣਦਾ ਜਾਂਦਾ ਸਾਂ; ਤੇ ਮੇਰੀਆਂ ਪਿਛਲੀਆਂ ਭੁੱਲਾਂ ਮੈਨੂੰ ਲਾਨ੍ਹਤਾਂ ਪਾ ਪਾ ਕੇ ਸ਼ਰਮਿੰਦਾ ਕਰੀ ਜਾਂਦੀਆਂ ਸਨ।

ਕਿੰਨੀ ਮਿਠਾਸ ਸੀ ਉਨ੍ਹਾਂ ਦੀ ਜ਼ਬਾਨ ਵਿਚ!

ਮੁਕਦੀ ਗੱਲ, ਉਸ ਲੈਕਚਰ ਨੇ ਮੇਰੀ ਕਾਇਆਂ ਪਲਟ ਦਿੱਤੀ। ਮਜ਼ਬੀ

ਕਮਜ਼ੋਰੀ ਤੋਂ ਛੁੱਟ ਉਨ੍ਹਾਂ ਨੇ ਕਈ ਹੋਰ ਵਿਸ਼ਿਆਂ ਪਰ ਵੀ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ, ਖ਼ਾਸ ਕਰਕੇ ਇਸਤਰੀ ਜ਼ਾਤੀ ਨਾਲ ਮਨੁੱਖ ਜਾਤੀ ਦੇ ਅਨਿਆਉਂ ਬਾਰੇ ਤਾਂ ਉਨ੍ਹਾਂ ਕੁਝ ਐਸੇ ਦਰਦ ਭਰੇ ਵਾਕਾਂ ਵਿਚ ਬਿਆਨ ਕੀਤਾ ਕਿ ਮੇਰਾ ਰੋਣ ਨਾ ਠਲ੍ਹਿਆ ਗਿਆ—ਮੇਰਾ ਵੀ ਕਿਉਂ, ਦੂਸਰੇ ਸਰੋਤਿਆਂ ਦਾ ਵੀ ਇਹੋ ਹਾਲ ਸੀ।

ਗਿਆਨੀ ਜੀ ਨੇ ਮਨੁੱਖ ਜਾਤੀ ਵਿਚ ਊਚ ਨੀਚ ਦੇ ਵਿਤਕਰੇ ਨੂੰ ਇਸ ਖੂਬੀ ਨਾਲ ਵਰਣਨ ਕੀਤਾ ਕਿ ਸੁਣ ਕੇ ਮੇਰਾ ਦਿਲ ਤੜਪ ਉਠਿਆ।

ਓਸੇ ਦਿਨ ਤੋਂ ਗਿਆਨੀ ਜੀ ਨਾਲ ਮੇਰਾ ਮੇਲ ਜੋਲ ਸ਼ੁਰੂ ਹੋ ਗਿਆ, ਇਹ ਮੇਲ ਜੋਲ ਪਹਿਲਾਂ ਸ਼ਰਧਾ ਵਿਚ ਬਦਲ ਗਿਆ।

ਗਿਆਨੀ ਜੀ ਦਾ ਘਰ ਮੇਰੇ ਘਰ ਤੋਂ ਦੂਰ ਨਹੀਂ ਸੀ, ਥੋੜ੍ਹੇ ਚਿਰ ਤੋਂ ਆਪ ਇਸੇ ਗਲੀ ਵਿਚ ਆ ਰਹੇ ਸਨ। ਮੈਂ ਰੋਜ਼ ਰਾਤ ਨੂੰ ਉਨ੍ਹਾਂ ਦੇ ਘਰ ਜਾਂਦਾ ਤੇ ਉਨ੍ਹਾਂ ਦੇ ਅੰਮ੍ਰਿਤ ਬਚਨ ਸੁਣ ਕੇ ਗਦ ਗਦ ਹੁੰਦਾ ਸਾਂ। ਮੇਰਾ ਦਿਲ ਇਹੋ ਕਰਦਾ ਸੀ ਕਿ ਆਪਣਾ ਤਨ ਮਨ ਉਹਨਾਂ ਦੇ ਚਰਨਾਂ ਤੋਂ ਵਾਰ ਦਿਆਂ।

ਕੁਝ ਦਿਨਾਂ ਦੀ ਸੰਗਤ ਦਾ ਫਲ ਇਹ ਹੋਇਆ ਕਿ ਮੇਰੀਆਂ ਮਜ਼ਬੀ ਤਲਾਵਾਂ ਜੋ ਕੁਝ ਚਿਰ ਤੋਂ ਢਿੱਲੀਆਂ ਹੋ ਗਈਆਂ ਸਨ—ਨਵੇਂ ਸਿਰੇ ਕੱਸੀਆਂ ਗਈਆਂ। ਮੈਨੂੰ ਮੁੜ ਮਜ਼ਬੀ ਜੀਵਨ ਵਿਚ ਪ੍ਰਵੇਸ਼ ਕਰਨ ਦੀ ਲੋੜ ਭਾਸੀ ਤੇ ਅੰਤ ਗਿਆਨੀ ਜੀ ਦੀ ਕਿਰਪਾ ਨਾਲ ਇਹ ਪੂਰੀ ਹੋਈ।

ਉਨ੍ਹਾਂ ਦੀ ਘਰ ਵਾਲੀ ਸਾਖਿਆਤ ਦੇਵੀ ਸੀ, ਜਿਸ ਨੂੰ ਮੈਂ 'ਬੀਬੀ ਜੀ' ਕਹਿਕੇ ਸਦਦਾ ਸਾਂ। ਬੀਬੀ ਜੀ ਬੜੇ ਗੰਭੀਰ, ਸਹਿਨ-ਸ਼ੀਲ ਤੇ ਸੇਵਾ ਦਾ ਨਮੂਨਾ ਸਨ, ਪਰ ਅਕਸਰ ਬੀਮਾਰ ਰਹਿੰਦੇ ਸਨ। ਰੰਗ ਉਹਨਾਂ ਦਾ ਪੀਲਾ ਤੇ ਚਿਹਰਾ ਮੁਰਝਾਇਆ ਰਹਿੰਦਾ ਸੀ। ਹਰ ਵੇਲੇ ਪ੍ਰੇਸ਼ਾਨ ਤੇ ਕਿਸੇ ਡੂੰਘੀ ਚਿੰਤਾ ਵਿਚ ਗੁੰਮ ਰਹਿੰਦੇ ਸਨ। ਦੂਜੇ ਤੀਜੇ ਦਿਨ ਬੇਹੋਸ਼ੀ ਦਾ ਦੌਰਾ ਪੈਂਦਾ ਸੀ।

ਬੀਬੀ ਜੀ ਦਾ ਸਰੀਰ ਏਨਾਂ ਦੁਬਲਾ ਹੋ ਗਿਆ ਸੀ ਕਿ ਮੰਜੇ ਤੇ ਪਏ ਦਿਸਦੇ ਨਹੀਂ ਸਨ। ਅੱਖਾਂ ਤੋਂ ਹਰ ਵੇਲੇ ਨਿਰਾਸਤਾ ਤੇ ਉਪਰਾਮਤਾ

ਟੱਪਕਦੀ ਸੀ। ਕਿਸੇ ਕਿਸੇ ਵੇਲੇ ਜਦ ਠੰਢਾ ਸਾਹ ਭਰਦੇ ਤਾਂ ਮੇਰਾ ਧਿਆਨ ਬਦੋ ਬਦੀ ਉਹਨਾਂ ਦੇ ਅੰਦਰ ਦੀ ਕਿਸੇ ਗੁੱਝੀ ਪੀੜ ਵੱਲ ਖਿਚਿਆ ਜਾਂਦਾ ਸੀ। ਮੈਨੂੰ ਕੁਝ ਇਉਂ ਭਾਸ਼ਣ ਲੱਗਦਾ ਜਿਵੇਂ ਬੀਬੀ ਜੀ ਦੇ ਸੀਨੇ ਵਿਚ ਕੋਈ ਅਸਹਿ ਤੇ ਦੁਖਦਾਈ ਭੇਦ ਦਬਿਆ ਹੋਇਆ ਹੈ, ਜਿਸ ਦੇ ਸੇਕ ਨਾਲ ਹਰ ਵੇਲੇ ਉਹਨਾਂ ਦਾ ਲਹੂ ਸੜਦਾ ਰਹਿੰਦਾ ਹੈ। ਕਈ ਵਾਰ ਪੁੱਛਣ ਦੀ ਸਲਾਹ ਹੋਈ, ਪਰ ਹੌਸਲਾ ਨਾ ਪੈ ਸਕਿਆ।

ਸੰਤਾਨ ਵਲੋਂ ਬੀਬੀ ਜੀ ਦੀ ਗੋਦ ਖ਼ਾਲੀ ਸੀ; ਸ਼ਾਇਦ ਇਸੇ ਕਰ ਕੇ ਮੇਰੇ ਬਾਲਾਂ ਨਾਲ ਬੀਬੀ ਜੀ ਦਾ ਬੜਾ ਮੋਹ ਸੀ, ਖਾਸ ਕਰ ਕੇ ਮੇਰੇ ਨਿੱਕੇ ਕਾਕੇ ਦਾ—ਜੇਹੜਾ ਅਜੇ ਮਸਾਂ ਅੱਠਾਂ ਕੁ ਮਹੀਨਿਆਂ ਦਾ ਸੀ—ਬੀਬੀ ਜੀ ਘੜੀ ਵਿਸਾਹ ਨਹੀਂ ਸਨ ਕਰਦੇ। ਮਹਿੰਦਰੋ (ਮੇਰੀ ਲੜਕੀ) ਕਾਕੇ ਨੂੰ ਲੈ ਕੇ ਅਕਸਰ ਬੀਬੀ ਜੀ ਦੇ ਪਾਸ ਹੀ ਰਹਿੰਦੀ ਸੀ।

ਗਿਆਨੀ ਜੀ ਦਾ ਵਧੇਰੇ ਸਮਾਂ ਬਾਹਰ ਹੀ ਬੀਤਦਾ ਸੀ। ਜਦ ਕਦੇ ਉਹ ਪ੍ਰਚਾਰ ਲਈ ਬਾਹਰ ਜਾਂਦੇ ਤਾਂ ਘਰ ਦੀ ਦੇਖ ਭਾਲ ਦਾ ਕੰਮ ਮੇਰੇ ਹੀ ਜ਼ੁੰਮੇ ਛੱਡ ਜਾਂਦੇ ਸਨ ਤੇ ਮੈਂ ਇਸ ਨੂੰ ਆਪਣਾ ਸੁਭਾਗ ਸਮਝਦਾ ਸਾਂ।

... ... ... ...

ਗਿਆਨੀ ਜੀ ਦਾ ਐਤਕਾਂ ਦਾ ਦੌਰਾ ਕੁਝ ਵਧੇਰੇ ਲੰਮਾ ਸੀ, ਕਿਉਂਕਿ ਐਤਕੀਂ ਉਹ ਪੰਜਾਬ ਤੋਂ ਬਾਹਰ ਗਏ ਹੋਏ ਸਨ। ਮੈਂ ਦੋਵੇਂ ਵੇਲੇ ਉਨ੍ਹਾਂ ਦੇ ਘਰ ਜਾ ਕੇ ਬੀਬੀ ਜੀ ਦਾ ਹਾਲ ਹਵਾਲ ਪੁਛਦਾ, ਲੋੜੀਦੀਆਂ ਚੀਜ਼ਾਂ ਬਾਜ਼ਾਰੋਂ ਮੰਗਾ ਦੇਂਦਾ ਤੇ ਘਰ ਦਾ ਹੋਰ ਕੰਮ ਧੰਦਾ ਮਹਿੰਦਰਾਂ ਤੇ ਉਸ ਦੀ ਮਾਂ ਵਾਰੋ ਵਾਰੀ ਕਰ ਆਉਂਦੀਆਂ ਸਨ। ਇਸ ਦੀ ਖ਼ਾਸ ਕਰਕੇ ਇਸ ਲਈ ਵੀ ਜ਼ਿਆਦਾ ਲੋੜ ਸੀ ਕਿ ਬੀਬੀ ਜੀ ਦੀ ਤਬੀਅਤ ਏਨ੍ਹੀ ਦਿਨੀਂ ਜ਼ਿਆਦਾ ਖ਼ਰਾਬ ਸੀ। ਦੌਰਾ ਵੀ ਲਗਪਗ ਰੋਜ਼ ਪੈਣ ਲੱਗ ਪਿਆ ਸੀ।

ਇਨ੍ਹਾਂ ਹੀ ਦਿਨਾਂ ਵਿਚ ਅਚਾਨਕ ਇਕ ਐਸੀ ਘਟਨਾ ਹੋ ਗਈ, ਜਿਸ ਨੇ ਮੇਰੇ ਜੀਵਨ ਵਿਚ ਹੇਠਲੀ ਉਤੇ ਲੈ ਆਂਦੀ।

ਗਿਆਨੀ ਜੀ ਨੂੰ ਬਾਹਰ ਗਿਆਂ ਡੇਢ ਕੁ ਮਹੀਨਾ ਹੋ ਚੁੱਕਾ ਸੀ। ਇਕ ਦਿਨ ਬੀਬੀ ਜੀ ਦਾ ਰੋਗ ਭਿਆਨਕ ਸ਼ਕਲ ਫੜ ਗਿਆ। ਉਨ੍ਹਾਂ ਨੂੰ

ਐਸੀ ਗਸ਼ੀ ਆਈ ਜਿਹੜੀ ਕਈਆਂ ਪਹਿਰਾਂ ਬਾਦ ਹਟੀ ਤੇ ਇਸ ਤੋਂ ਬਾਦ ਘੰਟੇ ਘੰਟੇ ਪਿਛੋਂ ਬੇਹੋਸ਼ੀ ਹੋਣ ਲਗੀ।

ਮੈਨੂੰ ਬੜਾ ਫਿਕਰ ਪੈ ਗਿਆ। ਗਿਆਨੀ ਜੀ ਨੂੰ ਉਨ੍ਹਾਂ ਦੇ ਪਤੇ ਉਤੇ ਤਾਰ ਦਿੱਤੀ। ਪਰ ਉਹ ਕਿਤੇ ਅਗਾਂਹ ਗਏ ਹੋਏ ਸਨ, ਜਾਂ ਪਤਾ ਨਹੀਂ ਕੀ ਸਵੱਬ ਤਾਰ ਉਨ੍ਹਾਂ ਨੂੰ ਪੱਛੜ ਕੇ ਮਿਲੀ ਤੇ ਉਹ ਤਾਰ ਦੇਣ ਤੋਂ ਸਤਵੇਂ ਦਿਨ ਘਰ ਆਏ।

ਏਸ ਇਕੋ ਹਫਤੇ ਵਿਚ ਮੇਰੇ ਨਾਲ ਜੋ ਕੁਝ ਵਾਪਰਿਆ, ਉਸ ਨੇ ਮੇਰੇ ਜੀਵਨ ਵਿਚ ਤੂਫਾਨ ਲੈ ਆਂਦਾ। ਐਸਾ ਤੂਫਾਨ ਜੇਹੜਾ ਕਦੀ ਮੇਰੀ ਕਲਪਨਾ ਵਿਚ ਵੀ ਨਹੀਂ ਸੀ ਆ ਸਕਦਾ।

ਜਦ ਡਾਕਟਰ ਦੇ ਇਲਾਜ ਤੋਂ ਲਾਭ ਨਾ ਪੁੱਜਾ, ਤਾਂ ਬੀਬੀ ਜੀ ਨੂੰ ਸ਼ਹਿਰ ਦੇ ਜ਼ਨਾਨਾ ਹਸਪਤਾਲ ਵਿਚ ਦਾਖ਼ਲ ਕਰਾ ਦਿੱਤਾ ਗਿਆ। ਘਰ ਵਾਲੀ ਨੂੰ ਮੈਂ ਟਹਿਲ ਸੇਵਾ ਲਈ ਉਨ੍ਹਾਂ ਦੇ ਪਾਸ ਛੱਡ ਆਇਆ। ਕਾਕੇ ਨੂੰ ਸੰਭਾਲਣ ਲਈ ਘਰ ਵਿਚ ਮਹਿੰਦਰਾਂ ਸੀ, ਜਿਸ ਕਰਕੇ ਮੈਨੂੰ ਅਜਿਹਾ ਕਰਨ ਵਿਚ ਕੋਈ ਖ਼ਾਸ ਦਿੱਕਤ ਨਾ ਹੋਈ। ਗਿਆਨੀ ਜੀ ਅਜੇ ਆਏ ਨਹੀਂ ਸਨ।

ਹਸਪਤਾਲ ਵਿਚ ਮਰਦਾਂ ਨੂੰ ਹਰ ਵੇਲੇ ਜਾਣ ਦੀ ਆਗਿਆ ਨਹੀਂ ਸੀ। ਕੇਵਲ ਸਵੇਰੇ ਅੱਠ ਤੋਂ ਨੌ ਵਜੇ ਤਕ ਖੁਲ੍ਹ ਸੀ। ਮੈਂ ਵੀ ਇਸੇ ਵੇਲੇ ਖ਼ਬਰ ਲੈਣ ਜਾਂਦਾ ਹੁੰਦਾ ਸਾਂ।

... ... ... ...

ਦਾਖ਼ਲ ਕਰਾਣ ਤੋਂ ਤੀਜੇ ਕਿ ਚੌਥੇ ਦਿਨ ਦਾ ਜ਼ਿਕਰ ਹੈ, ਮੈਂ ਜਦ ਹਸਪਤਾਲ ਪੁੱਜਾ ਤਾਂ ਫਾਟਕ ਦੀ ਘੜੀ ਤੇ ੭-੪੦ ਦਾ ਵਕਤ ਸੀ। ਇਹ ਵੀਹ ਮਿੰਟ ਮੈਨੂੰ ਬਾਹਰਲੀ ਬਗ਼ੀਚੀ ਵਿਚ ਫਿਰ ਤੁਰ ਕੇ ਬਿਤਾਣੇ ਪਏ।

ਇਕ ਬੈਂਚ ਤੇ ਬੈਠਾ ਸਾਂ, ਤੇ ਨਜ਼ਰ ਮੇਰੀ ਫਾਟਕ ਦੀ ਘੜੀ ਉਤੇ ਸੀ। ਅਚਨਚੇਤ ਮੇਰੀ ਨਜ਼ਰ ਘੜੀ ਵਲੋਂ ਹਟ ਕੇ ਇਕ ਹੋਰ ਪਾਸੇ ਚਲੀ ਗਈ। ਹਸਪਤਾਲ ਦੀ ਪਿਛਲੀ ਕੰਧ ਵੱਲ ਦੀ ਸੀਖਾਂ ਵਾਲੀ ਬਾਰੀ ਨਾਲ ਕੋਈ ਇਕ ਮੁਟਿਆਰ ਪਲਮ ਰਹੀ ਸੀ। ਉਸ ਦਾ ਝਾਟਾ ਖਿਲਰਿਆ ਹੋਇਆ ਤੇ ਕਪੜੇ ਮੈਲੇ ਸਨ। ਘੱਟੇ ਮਿੱਟੀ ਨਾਲ ਉਸ ਦੇ ਅੰਗ ਡਾਢੇ ਬਿਤੌਲ ਜਾਪਦੇ ਸਨ।

ਬਾਰੀ ਦੀਆਂ ਸੀਖਾਂ ਨੂੰ ਦੋਵੇਂ ਹੱਥ ਪਾ ਕੇ ਉਹ ਘੜੀ ਮੁੜੀ ਅੱਡੀਆਂ ਚੁਕ ਚੁਕ ਕੇ ਸ਼ਾਇਦ ਹਸਪਤਾਲ ਦਾ ਅੰਦਰਲਾ ਹਿੱਸਾ ਵੇਖਣ ਦਾ ਯਤਨ ਕਰ ਰਹੀ ਸੀ, ਪਰ ਬਾਰੀ ਉੱਚੀ ਹੋਣ ਕਰ ਕੇ ਜਦ ਉਹ ਏਸ ਕੰਮ ਵਿਚ ਸਫ਼ਲ ਨਾ ਹੋ ਸਕੀ ਤਾਂ ਕੱਛੇ ਮਾਰੀ ਹੋਈ ਇਕ ਮੈਲੀ ਜਹੀ ਪੋਟਲੀ ਨੂੰ ਉਸ ਨੇ ਪੈਰਾਂ ਹੇਠ ਦੇ ਲਿਆ ਤੇ ਉਸ ਉਤੇ ਖਲੋ ਕੇ ਮੁੜ ਓਵੇਂ ਕਰਨ ਲੱਗੀ। ਐਤਕੀਂ ਉਸ ਦੀਆਂ ਅੱਖਾਂ ਬਾਰੀ ਦੇ ਸ਼ੀਸ਼ੇ ਤਕ ਅੱਪੜ ਪਈਆਂ ਸਨ।

ਮੈਂ ਸੋਚਿਆ ਖਬਰੇ ਇਸ ਦੀ ਕੋਈ ਸੰਬੰਧਨ ਅੰਦਰ ਬੀਮਾਰ ਹੋਵੇਗੀ। ਪਰ ਜਦ ਉਸ ਦਾ ਅੱਧਾ ਕੁ ਚਿਹਰਾ ਮੇਰੀ ਨਜ਼ਰੀਂ ਪਿਆਂ ਤਾਂ ਮੈਨੂੰ ਪਛਾਣਨ ਵਿਚ ਦੇਰ ਨਾ ਲੱਗੀ ਕਿ ਇਹ ਤਾਂ ਉਹੀ ਸ਼ਦੈਣ ਹੈ, ਜਿਹੜੀ ਕਈ ਦਿਨਾਂ ਤੋਂ ਬਜ਼ਾਰਾਂ ਗਲੀਆਂ ਵਿਚ ਨੱਸੀ ਫਿਰਦੀ ਸੀ, ਤੇ ਮੁੰਡੇ ਕੁੜੀਆਂ ਜਿਸ ਦੇ ਮਗਰ ਹੋਏ ਹੋਏ ਕਰਦੇ ਰਹਿੰਦੇ ਸਨ।

'ਪਰ ਇਹ ਏਥੇ ਕੀ ਲੈਣ ਆਈ?' ਇਸ ਪ੍ਰਸ਼ਨ ਦੇ ਨਾਲ ਹੀ ਮੇਰੇ ਦਿਲ ਵਿਚ ਉਸ ਬਾਰੇ ਕਈ ਹੋਰ ਪ੍ਰਸ਼ਨ ਉਠਣ ਲੱਗੇ—ਆਹ! ਇਸ ਦੇ ਜਣਦੇ ਸਹੇੜਦੇ ਵੀ ਕਿੱਡੇ ਪੱਥਰ-ਦਿਲ ਹੋਣਗੇ, ਜਿਨ੍ਹਾਂ ਇਸ ਦੇ ਸ਼ੁਦਾਪੁਣੇ ਤੋਂ ਅੱਕ ਕੇ ਇਸ ਨੂੰ ਘਰੋਂ ਨਿਕਲ ਜਾਣ ਦਿੱਤਾ। ਫਿਰ ਏਡੇ ਦੀਪ ਨਗਰ ਵਿਚ ਇਹ ਕਿਵੇਂ ਖੱਜਲ ਹੁੰਦੀ ਫਿਰਦੀ ਹੈ, ਜਿਥੇ ਬਦਮਾਸ਼ਾਂ, ਉਚਕਿਆਂ ਦੀਆਂ ਧਾੜਾਂ ਰਹਿੰਦੀਆਂ ਹਨ।

ਉਸ ਦੀ ਹਾਲਤ ਉਤੇ ਅਫਸੋਸ ਕਰਦਿਆਂ ਹੋਇਆ ਮੈ ਇਕ ਠੰਢਾ ਸਾਹ ਭਰਿਆ ਤੇ ਫੇਰ ਮੇਰੀ ਨਜ਼ਰ ਫਾਟਕ ਦੀ ਘੜੀ ਵੱਲ ਗਈ—ਅੱਠ ਵੱਜਣ ਵਿਚ ਦੋ ਮਿੰਟ ਬਾਕੀ ਸਨ।

ਅੰਤ ਦਰਵਾਜ਼ਾ ਖੁਲ੍ਹਿਆ ਤੇ ਮੈਂ ਵੀ ਵਾਰਸਾਂ ਦੀ ਭੀੜ ਵਿਚ ਅੰਦਰ ਪੁੱਜਾ।

ਘਰ ਵਾਲੀ ਦੀ ਜ਼ਬਾਨੀ ਮੈਨੂੰ ਪਤਾ ਲੱਗਾ ਕਿ ਬੀਬੀ ਜੀ ਦੀ ਰਾਤ ਤਾਂ ਕੁਝ ਅਰਾਮ ਨਾਲ ਬੀਤੀ ਸੀ, ਪਰ ਸਵੇਰ ਸਾਰ ਫੇਰ ਬੇਹੋਸ਼ ਹੋ ਗਏ। ਬੇਹੋਸ਼ ਹੋਣ ਤੋਂ ਪਹਿਲਾਂ ਕੁਝ ਇਸ ਤਰ੍ਹਾਂ ਬੜ-ਬੜਾਏ ਸਨ—"ਆ ਗਈ,

ਮੇਰੀ ਮੌਤ ਆ ਗਈ। ਮੈਨੂੰ ਛੇਤੀ ਘਰ ਲੈ ਚਲੋ, ਇਥੇ ਮੈਂ ਨਹੀਂ ਬਚਾਂਗੀ।"

ਇਸ ਵੇਲੇ ਬੀਬੀ ਜੀ ਬੇਹੋਸ਼ ਨਹੀਂ ਸਨ, ਪਰ ਉਂਝ ਅੱਖ ਲੱਗੀ ਹੋਈ ਸੀ। ਮੈਨੂੰ ਉਹਨਾਂ ਦਾ ਹਾਲ ਸੁਣ ਕੇ ਬੜੀ ਚਿੰਤਾ ਹੋਈ। ਇਸ ਤੋਂ ਬਾਦ ਸ਼ਾਇਦ ਮੇਰੀ ਅਵਾਜ਼ ਸੁਣ ਕੇ ਉਨ੍ਹਾਂ ਦੀ ਜਾਗ ਖੁਲ੍ਹ ਗਈ। ਮੈਂ ਪੁਛਿਆ—"ਤਬੀਅਤ ਦਾ ਕੀ ਹਾਲ ਜੇ?"

ਉਹ ਸਾਹਮਣੀ ਕੰਧ ਉਤੇ ਨਜ਼ਰ ਜਮਾਈ ਕਹਿਣ ਲੱਗੇ—"ਵੀਰ ਜੀ, ਮੈਨੂੰ ਘਰ ਲੈ ਚਲੋ, ਛੇਤੀ ਕਰੋ।" ਕਹਿੰਦਿਆਂ ਕਹਿੰਦਿਆਂ ਉਹ ਇਸ ਤਰ੍ਹਾਂ ਆਪਣੇ ਹੱਥ ਮਰੋੜਨ ਤੇ ਕੰਬਣ ਲੱਗ ਪਏ ਜੁ ਮੈਨੂੰ ਡਰ ਜਿਹਾ ਆਉਣ ਲੱਗਾ। ਨਜ਼ਰ ਉਹਨਾਂ ਦੀ ਬਰਾਬਰ ਕੰਧ ਵੱਲ ਸੀ। ਮੇਰਾ ਵੀ ਧਿਆਨ ਉਧਰੇ ਗਿਆ, ਪਰ ਉਥੇ ਕੁਝ ਵੀ ਨਹੀਂ ਸੀ। ਹਾਂ ਸਾਹਮਣੀ ਬਾਰੀ ਦੀਆਂ ਸੀਖਾਂ ਨੂੰ ਬਾਹਰੋਂ ਕਿਸੇ ਦੇ ਦੋ ਮੈਲੇ ਹੱਥਾਂ ਨੇ ਘੁੱਟ ਕੇ ਫੜਿਆ ਹੋਇਆ ਸੀ ਤੇ ਦੋ ਭਿਆਨਕ ਜਹੀਆਂ ਅੱਖਾਂ ਬਾਰੀ ਦੇ ਸ਼ੀਸ਼ੇ ਨਾਲ ਲਗੀਆਂ ਦਿਖਾਈ ਦੇ ਰਹੀਆਂ ਸਨ।

ਮੇਰੇ ਅੰਦਰੋਂ ਲਾ-ਪ੍ਰਵਾਹ ਜਹੀ ਅਵਾਜ਼ ਨਿਕਲੀ—"ਓਹੀ ਸੁਦੈਣ।"

"ਛੇਤੀ ਲੈ ਚਲੋ—ਮੈਨੂੰ ਵੀਰ ਜੀ! ਛੇਤੀ ਲੈ ਚਲੋ। ਮੈਂ ਇਥੇ...ਇਥੇ ਨਹੀਂ ਰਹਿ ਸਕਦੀ।" ਹਫਦਿਆਂ ਹਫਦਿਆਂ ਬੀਬੀ ਜੀ ਨੇ ਇਹ ਵਾਕ ਕਹੇ ਤੇ ਫੇਰ ਬੇਹੋਸ਼ ਹੋ ਕੇ ਮੰਜੇ ਤੇ ਫੈਲ ਗਏ।

ਮੇਰੀ ਘਰ ਵਾਲੀ ਛੇਤੀ ਨਾਲ ਦੌੜ ਕੇ ਵੱਡੀ ਮਿਸ ਨੂੰ ਸਦ ਲਿਆਈ, ਕਿਉਂਕਿ ਉਸ ਦਾ ਹੁਕਮ ਸੀ; "ਜਦੋਂ ਵੀ ਦੌਰਾ ਪਵੇ ਮੈਨੂੰ ਬੁਲਾ ਲੈਣਾ।"

ਮਿਸ ਨੇ ਆ ਕੇ ਨਬਜ਼ ਵੇਖੀ, ਅੱਖਾਂ ਦੇ ਛੱਪਰ ਚੁੱਕ ਕੇ ਤੱਕੇ ਤੇ ਦਿਲ ਦੀ ਧੜਕਣ ਜਾਚੀ, ਫਿਰ ਕੋਈ ਦਵਾਈ ਮੰਗਾ ਕੇ ਉਨ੍ਹਾਂ ਦੇ ਨੱਕ ਪਾਸ ਰਖ ਕੇ ਸੁੰਘਾਈ, ਪਰ ਹੋਸ਼ ਨਾ ਫਿਰੀ। ਅਖੀਰ ਇਹ ਕਹਿੰਦੀ ਹੋਈ ਵਾਪਸ ਮੁੜੀ—"ਚੰਗਾ ਹੋਵੇ ਜੇ ਤੁਸੀਂ ਇਸ ਨੂੰ ਘਰ ਲੈ ਜਾਓ—ਬੀਮਾਰੀ ਜ਼ਿਆਦਾ ਖਤਰਨਾਕ ਸੂਰਤ ਫੜਦੀ ਜਾਂਦੀ ਏ।"

ਇਹ ਕਹਿ ਕੇ ਮਿਸ ਅਜੇ ਦੋ ਹੀ ਕਦਮ ਗਈ ਸੀ ਕਿ ਉਸ ਕਮਰੇ ਦੀਆਂ ਸਾਰੀਆਂ ਬੀਮਾਰਾਂ ਨੇ—ਜੋ ਛੀ ਸਤ ਸਨ, ਉਸ ਅੱਗੇ ਇਕ ਤਰ੍ਹਾਂ

ਬੰਦੇ ਨੂੰ ਹੁਕਮ ਨਹੀਂ ਆਉਣ ਦਾ, ਪਰ ਇਹ ਕਲਹਿਣੀ ਹਟਣ ਦਾ ਨਾਂ ਨਹੀਂ ਲੈਂਦੀ। ਝੱਟ ਬਾਰੀਆਂ ਨਾਲ ਲਮਕਦੀ ਏਂ। ਰਤਾ ਕੁ ਪਿਠ ਮੋੜੀ ਨਹੀਂ ਕਿ ਫੇਰ ਓਥੇ ਈ। ਅੱਗੇ ਸਰਦਾਰ ਜੀ! ਕਿਸੇ ਮੁੰਡੇ ਨੇ ਓਦਨ ਰੋੜਾ ਮਾਰ ਕੇ ਬਾਰੀ ਦਾ ਸ਼ੀਸ਼ਾ ਤੋੜ ਸੁਟਿਆ ਸੀ, ਤੇ ਵੱਡੀ ਮੇਮ ਮੈਨੂੰ ਵਢੂੰ ਖਾਊਂ ਕਰਨ ਡਹਿ ਪਈ।"

ਉਸ ਦੀ ਫਟਕਾਰ ਸੁਣ ਕੇ ਸ਼ਦੈਣ ਨੇ ਪੈਰਾਂ ਹੇਠੋਂ ਪੋਟਲੀ ਚੁੱਕੀ ਤੇ ਕਛੇ ਮਾਰ ਕੇ ਪਰਾਂ ਦੁਰਾਡੇ ਇਕ ਦਰੱਖਤ ਦੇ ਓਹਲੇ ਜਾ ਖਲੋਤੀ।

ਮੈਂ ਖੁਸ਼ਾਮਦ ਦੇ ਲਹਿਜੇ ਵਿਚ ਚੌਕੀਦਾਰ ਨੂੰ ਕਿਹਾ—"ਬਾਬਾ! ਛੱਡ ਸੁ ਪਰੇ ਕੀ ਸ਼ਦੈਣ ਦੇ ਮਗਰ ਪੈ ਗਿਆ ਏਂ।

ਉਹ ਕੁਝ ਹਲੀਮੀ ਨਾਲ ਬੋਲਿਆ—"ਸਰਦਾਰ ਜੀ! ਪਰ ਇਹਨੂੰ ਬੰਦਾ ਪੁਛੇ ਨਾ, ਪਈ ਭੜਵੀਏ, ਤੂੰ ਇਥੇ ਲੈਣ ਕੀ ਆਉਣੀ ਏਂ? ਮੁਖਤ ਦਾ ਮਰੂਦ!"

ਮੈਂ ਹੋਰ ਦੋ ਚਾਰ ਮਿੱਠੀਆਂ ਮਿੱਠੀਆਂ ਗੱਲ੍ਹਾਂ ਕਰ ਕੇ ਚੌਕੀਦਾਰ ਨੂੰ ਠੰਢਿਆ ਕੀਤਾ ਤੇ ਇਸ ਤੋਂ ਬਾਅਦ ਮੈਂ ਉਸ ਦਰੱਖਤ ਪਾਸ ਜਾ ਕੇ ਸ਼ਦੈਣ ਨੂੰ ਗਹੁ ਨਾਲ ਵੇਖਣ ਲੱਗਾ। ਉਸ ਦੀ ਉਮਰ ੩੦-੩੩ ਵਰ੍ਹਿਆਂ ਤੋਂ ਜ਼ਿਆਦਾ ਨਹੀਂ ਸੀ ਜਾਪਦੀ। ਉਸ ਦੇ ਚਿਹਰੇ ਉਤੇ ਸ਼ਰਮ ਤੇ ਡਰ ਦੇ ਚਿੰਨ੍ਹ ਮੌਜੂਦ ਸਨ। ਉਸ ਦੇ ਨਕਸ਼ ਦਸਦੇ ਸਨ ਕਿ ਕਦੇ ਉਸ ਨੂੰ ਵੀ ਆਪਣੇ ਸੁਹੱਪਣ ਉਤੇ ਮਾਣ ਹੋਵੇਗਾ।

ਕੁਝ ਚਿਰ ਲਈ ਮੈਨੂੰ ਬੀਬੀ ਜੀ ਦਾ ਚੇਤਾ ਭੁਲ ਗਿਆ। ਮੈਂ ਸੋਚ ਰਿਹਾ ਸਾਂ ਇਸ ਨਿਕਰਮਣ ਦਾ ਭੂਤ, ਵਰਤਮਾਨ ਤੇ ਭਵਿਸ਼।

"ਕਿਉਂ ਕੁੜੀਏ! ਚੌਕੀਦਾਰ ਤੈਨੂੰ ਕਿਉਂ ਗੁੱਸੇ ਹੁੰਦਾ ਸੀ" ਕਹਿਣ ਤੋਂ ਬਾਅਦ ਮੈਂ ਇਕ ਦੋ ਮਿੰਟ ਆਪਣੇ ਪ੍ਰਸ਼ਨ ਦਾ ਉੱਤਰ ਉਡੀਕਿਆ, ਪਰ ਉਸ ਨੇ ਕੁਝ ਨਾ ਕਿਹਾ। ਕੇਵਲ ਇਕ ਵਾਰੀ ਮੇਰੇ ਵੱਲ ਤੱਕੀ ਤੇ ਉਸ ਨੇ ਨਜ਼ਰ ਫੇਰ ਲਈ।

ਮੈਨੂੰ ਇਉਂ ਜਾਪਿਆ ਜਿਵੇਂ ਉਹ ਮੈਨੂੰ ਨਫਰਤ ਕਰ ਰਹੀ ਹੈ। ਆਪਣੇ ਹੇਠਲੇ ਬੁਲ੍ਹ ਨੂੰ ਦੰਦਾਂ ਹੇਠ ਦਬਾ ਕੇ; ਮੱਥੇ ਤੇ ਵਟ ਪਾ ਕੇ ਤੇ ਮੂੰਹ ਨੂੰ

ਕੁਝ ਇਸ ਤਰ੍ਹਾਂ ਬਣਾ ਕੇ ਜਿਵੇਂ ਦੰਦੀਆਂ ਚਿੜਾਈਦੀਆਂ ਹਨ, ਉਸ ਨੇ ਮੂੰਹ ਦੂਜੇ ਪਾਸੇ ਕਰ ਲਿਆ। ਭਾਵੇਂ ਮੈਂ ਉਸ ਲਈ ਨਿਰੋਲ ਹਮਦਰਦੀ ਦੇ ਭਾਵ ਲੈ ਕੇ ਗਿਆ ਸਾਂ, ਪਰ ਉਸ ਉਤੇ ਰਤੀ ਵੀ ਅਸਰ ਨਾ ਹੋਇਆ।

"ਛੱਡ ਪਰੇ ਵੇਹਲਾ ਪੁਆੜਾ!" ਇਹ ਖ਼ਿਆਲ ਕਰ ਕੇ ਮੈਂ ਮੁੜਨ ਦੀ ਸਲਾਹ ਕੀਤੀ, ਪਰ ਮੁੜ ਨਾ ਸਕਿਆ।

"ਪੁੱਤਰੀ!" ਜਿਸ ਪਾਸੇ ਉਸ ਦਾ ਮੂੰਹ ਸੀ ਓਧਰੇ ਹੋ ਕੇ ਮੈਂ ਕਿਹਾ, ਡਰ ਨਾ, ਮੈਂ ਤੈਨੂੰ ਕੁਝ ਨਹੀਂ ਕਹਿੰਦਾ, ਸਗੋਂ ਤੇਰੀ ਹੋ ਸਕਿਆ ਤਾਂ ਕੁਝ ਮਦਦ ਕਰਾਂਗਾ।"

ਉਸ ਨੇ ਜਿਵੇਂ ਕੋਈ ਤ੍ਰਬਕ ਉਠਦਾ ਹੈ, ਸਿਰ ਉਤਾਂਹ ਚੁੱਕ ਕੇ ਮੇਰੀ ਵੱਲ ਤਕਿਆ। ਐਂਤਕੀ ਉਸ ਦੇ ਚਿਹਰੇ ਉਤੇ ਨਫ਼ਰਤ ਦੇ ਥਾਂ ਸ਼ੱਕ ਦੇ ਚਿੰਨ੍ਹ ਸਨ। ਮਾਨੋ ਉਹ ਸੋਚ ਰਹੀ ਸੀ ਕਿ ਜੋ ਕੁਝ ਮੈਂ ਉਸ ਨੂੰ ਕਿਹਾ ਹੈ ਕਿ ਸੱਚੇ ਦਿਲੋਂ ਕਿਹਾ ਹੈ?

ਪਰ ਜਾਪਦਾ ਸੀ ਅਜੇ ਵੀ ਉਸ ਦਾ ਸ਼ੱਕ ਦੂਰ ਨਹੀਂ ਸੀ ਹੋਇਆ, ਉਹ ਇਤਨੀ ਛੇਤੀ ਮੇਰਾ ਵਿਸ਼ਵਾਸ਼ ਨਾ ਕਰ ਸਕੀ।

ਮੈਂ ਸੋਚ ਰਿਹਾ ਸਾਂ, ਕਾਸ਼! ਮੈਂ ਆਪਣਾ ਹਰਜ਼ ਕਰਕੇ ਵੀ ਇਸ ਨੂੰ ਕੋਈ ਲਾਭ ਪੁਚਾ ਸਕਦਾ। ਖ਼ਬਰੇ ਵਿਚਾਰੀ ਕਿਨ੍ਹਾਂ ਮੁਸੀਬਤਾਂ ਦਾ ਸ਼ਿਕਾਰ ਹੋ ਕੇ ਰੁਲਦੀ ਫਿਰਦੀ ਹੈ। ਜੁਆਨੀ ਦੀ ਉਮਰ ਤੇ ਉਤੋਂ ਸਮਾਂ ਕਿਹੜਾ, ਹੇ ਵਾਹਿਗੁਰੂ! ਇਸ ਦੀ ਰਖਿਆ ਕਰ!

ਮੇਰੀਆਂ ਅੱਖਾਂ ਵਿਚ ਹੰਝੂ ਆ ਗਏ। ਬਿਨਾ ਸੰਕੋਚ ਮੈਂ ਅਗਾਂਹ ਵਧਿਆ ਤੇ ਉਸ ਦੇ ਸਿਰ ਤੇ, ਉਸ ਦੇ ਮਿੱਟੀ ਘੱਟੇ ਨਾਲ ਬੂਝੇ ਬਣੇ ਹੋਏ ਵਾਲਾਂ ਤੇ ਹੱਥ ਫੇਰਨ ਲਗ ਪਿਆ। ਮੇਰੇ ਮੂੰਹੋਂ ਏਨਾ ਹੀ ਨਿਕਲਿਆ—"ਓ! ਬਦ ਨਸੀਬ ਬੱਚੀ!"

ਉਹ ਇਸ ਵਾਰ ਡਾਢੀ ਡਰੀ। ਕਹਿਰ ਭਰੀ ਨਜ਼ਰ ਨਾਲ ਮੇਰੇ ਵਲ ਤੱਕੀ ਤੇ ਇਸ ਤੋਂ ਬਾਦ ਸ਼ਾਇਦ ਨਸ ਜਾਣ ਦੇ ਖ਼ਿਆਲ ਨਾਲ ਆਪਣੇ ਸੱਜੇ ਖੱਬੇ ਛੇਤੀ ਛੇਤੀ ਝਾਕਣ ਲਗੀ।

ਪਰ ਜਿਉਂ ਜਿਉਂ ਮੇਰਾ ਹੱਥ ਉਸ ਦੇ ਸਿਰ ਤੇ ਫਿਰਦਾ ਜਾਂਦਾ ਸੀ, ਉਸ ਦੇ ਇਹ ਭਾਵ ਹੌਲੀ ਹੌਲੀ ਬਦਲਦੇ ਜਾਂਦੇ ਸਨ। ਉਸ ਦੀ ਚੰਚਲਤਾ ਪੈਰੋ ਪੈਰ ਘੱਟ ਰਹੀ ਸੀ, ਜਿਵੇਂ ਉਸ ਨੂੰ ਕੋਈ ਨਿੱਘ ਜਿਹਾ ਆ ਰਿਹਾ ਸੀ। ਉਸ ਦੀਆਂ ਥਰਕਦੀਆਂ ਅੱਖਾਂ ਨਿਉਂ ਗਈਆਂ, ਤਮਤਮਾਂ ਦਾ ਚਿਹਰਾ ਗੰਭੀਰ ਹੋ ਗਿਆ, ਉਸ ਦੇ ਹੱਥਾਂ, ਉਂਗਲਾਂ ਤੇ ਬਾਹਾਂ ਦੀ ਤਣਾਵਟ ਢਿੱਲੀ ਹੋ ਗਈ, ਉਹ ਮੇਰੇ ਨਾਲ ਲਗਦੀ ਜਾਂਦੀ ਸੀ।

ਮੈਂ ਅਜੇ ਤੱਕ ਉਸ ਦੇ ਜੀਵਨ ਦੀਆਂ ਕਲਪਤ ਤਸਵੀਰਾਂ ਵੇਖਦਾ ਹੋਇਆ ਆਪਣੇ ਖ਼ਿਆਲ ਵਿਚ ਮਗਨ ਸਾਂ। ਕੇਵਲ ਹੌਲੀ ਹੌਲੀ ਮੇਰੇ ਬੁਲ੍ਹਾਂ 'ਚੋਂ ਨਿਕਲਿਆ, ਬਦ ਨਸੀਬ ਬੱਚੀ!"

ਮੇਰੇ ਖ਼ਿਆਲਾਂ ਨੇ ਮੋੜਾ ਖਾਧਾ, ਤੇ ਏਸ ਵੇਲੇ ਮੈਂ ਜੋ ਕੁਝ ਡਿੱਠਾ ਉਸ ਨੂੰ ਸਾਰੀ ਉਮਰ ਨਹੀਂ ਭੁੱਲ ਸਕਾਂਗਾ। ਮੇਰੇ ਲੱਕ ਦੁਆਲੇ ਬਾਹਾਂ ਲਪੇਟ ਕੇ ਮੇਰੇ ਸੀਨੇ ਨਾਲ ਸਿਰ ਜੋੜ ਕੇ ਉਹ ਮੈਨੂੰ ਲਿਪਟੀ ਹੋਈ ਸੀ ਤੇ ਰੋ ਰਹੀ ਸੀ। ਉਸ ਦੇ ਮੂੰਹੋਂ ਘੜੀ ਮੁੜੀ ਨਿਕਲਦਾ ਸੀ—"ਬਾਪੂ ਜੀ! ਮੈਨੂੰ ਲੈ ਲਓ।"

ਉਪਰੋਕਤ ਵਾਕ ਕਹਿਣ ਵੇਲੇ ਸ਼ਾਇਦ ਉਹ ਸੁਦੈਣ ਸੱਚ ਮੁੱਚ ਮੈਨੂੰ ਬਾਪੂ ਹੀ ਸਮਝ ਰਹੀ ਸੀ ਤੇ ਆਪਣੇ ਆਪ ਨੂੰ ਦੋਂਹ ਤਿੰਨਾਂ ਵਰ੍ਹਿਆਂ ਦੀ ਬਾਲੜੀ। ਕਿਉਂਕਿ ਇਨ੍ਹਾਂ ਸ਼ਬਦਾਂ ਨੂੰ ਉਹ ਉਸੇ ਲਹਿਜੇ ਵਿਚ ਕਹਿ ਰਹੀ ਸੀ ਜਿਸ ਵਿਚ ਕੋਈ ਨਿਆਣਾ ਬਾਲ ਕਹਿੰਦਾ ਹੈ।

ਲੋਕੀਂ ਕਹਿੰਦੇ ਹਨ, ਮੇਰਾ ਵੀ ਘੜੀ ਤੋਂ ਪਹਿਲਾਂ ਇਹੋ ਖ਼ਿਆਲ ਸੀ ਕਿ ਵਾਤਸੱਲ ਮਨੁੱਖ ਨੂੰ ਆਪਣੀ ਸੰਤਾਨ ਪਾਸੋਂ ਹੀ ਮਿਲ ਸਕਦਾ ਹੈ, ਬਿਗਾਨੀ ਸੰਤਾਨ ਤੋਂ ਨਹੀਂ ਪਰ ਇਸ ਓਪਰੀ ਤੇ ਅਣਜਾਣ ਬੱਚੀ ਦੀ ਇਕੋ ਚੀਕ "ਬਾਪੂ ਜੀ! ਮੈਨੂੰ ਲੈ ਲਓ" ਨੇ ਮੇਰਾ ਉਪਰੋਕਤ ਖ਼ਿਆਲ ਗਲਤ ਸਾਬਤ ਕਰ ਦਿੱਤਾ।

"ਬਸ ਪੁੱਤਰੀ! ਰੋ ਨਾ ਮੇਰੀ ਬੱਚੀ! ਆ ਮੇਰੇ ਨਾਲ ਚਲ" ਮੈਂ ਉਸ ਦੇ ਅੱਥਰੂ ਪੂੰਝਦਿਆਂ ਕਿਹਾ।

ਉਸ ਨੇ ਮੈਨੂੰ ਛੱਡ ਦਿੱਤਾ ਤੇ ਫੇਰ ਬਿਤਰ-ਬਿਤਰ ਮੇਰੇ ਮੂੰਹ ਵੱਲ

ਤੱਕਣ ਲੱਗ ਪਈ। ਉਸੇ ਤਰ੍ਹਾਂ ਜੀਕਣ ਕੋਈ ਵੱਛਾ ਆਪਣੀ ਮਾਂ ਦੇ ਭੁਲੇਖੇ ਕਿਸੇ ਹੋਰ ਗਊ ਦੇ ਮਗਰ ਲੱਗ ਤੁਰਿਆ ਹੋਵੇ, ਤੇ ਮਗਰੋਂ ਉਸ ਨੂੰ ਆਪਣੀ ਭੁੱਲ ਦੀ ਸੋਝੀ ਆ ਗਈ ਹੋਵੇ।

ਮੇਰੇ ਚਿਹਰੇ ਨੂੰ ਉਹ ਬੜੇ ਡੂੰਘੇ ਗਹੁ ਨਾਲ ਤੱਕ ਰਹੀ ਸੀ। ਇਹ ਚਿਹਰਾ ਭਾਵੇਂ ਓਪਰਾ ਸੀ, ਉਸ ਦੇ ਬਾਪੂ ਦਾ ਨਹੀਂ ਸੀ, ਪਰ ਸ਼ਾਇਦ ਇਹੋ ਕਾਰਨ ਸੀ ਕਿ ਉਹ ਬਿਨਾਂ ਸੰਕੋਚ ਮੇਰੇ ਨਾਲ ਹੋ ਤੁਰੀ।

ਇਸ ਵੇਲੇ ਉਸ ਦੇ ਚਿਹਰੇ ਤੇ ਪਾਗਲਪਣੇ ਦਾ ਕੋਈ ਚਿੰਨ੍ਹ ਨਹੀਂ ਸੀ ਦਿੱਸਦਾ। ਕੇਵਲ ਇਕੋ ਹੀ ਗੱਲ ਮੈਨੂੰ ਉਸ ਦੇ ਪਾਗਲ ਹੋਣ ਦਾ ਸ਼ੱਕ ਪਾਂਦੀ ਸੀ, ਜਿਹੜਾ ਉਹ ਬੋਲਦੀ ਨਹੀਂ ਸੀ।

ਮੈਂ ਅੱਗੇ-ਅੱਗੇ ਤੇ ਉਹ ਮੇਰੇ ਪਿਛੇ-ਪਿਛੇ ਤੁਰੀ ਆ ਰਹੀ ਸੀ। ਤੁਰਦੀ-ਤੁਰਦੀ ਕਈ ਵਾਰੀ ਉਹ ਰਸਤੇ ਵਿਚ ਖਲੋ ਜਾਂਦੀ ਸੀ। ਖਬਰੇ ਕੋਈ ਸ਼ੰਕਾ ਉਸ ਨੂੰ ਆ ਘੇਰਦੀ ਸੀ, ਪਰ ਜਦੋਂ ਹੀ ਪਿਛਾਂਹ ਮੁੜ ਕੇ ਮੈਂ ਉਸ ਵੱਲ ਤੱਕਦਾ ਸਾਂ, ਮੇਰੇ ਤੇ ਨਜ਼ਰ ਪੈਂਦਿਆਂ ਹੀ ਉਹ ਨਿਖੱਟਕੀ ਹੋ ਕੇ ਤੁਰ ਪੈਂਦੀ।

... ... ... ...

ਮਹਿੰਦਰਾਂ ਆਪਣੇ ਭਰਾ ਨੂੰ ਕੁਛੜ ਲੈ ਕੇ ਵਿਹੜੇ ਵਿਚ ਖਿਡਾ ਰਹੀ ਸੀ। ਮੇਰੇ ਪਿਛੇ ਇਕ ਝੱਲੀ ਜਿਹੀ ਮੁਟਿਆਰ ਨੂੰ ਆਉਂਦੀ ਤੱਕ ਕੇ ਉਹ ਕੁਝ ਡਰੀ ਤੇ ਕੁਝ ਹੈਰਾਨ ਵੀ ਹੋਈ, ਪਰ ਜਦ ਮੈਂ ਉਸ ਨੂੰ ਸਾਰੀ ਗੱਲ ਸਮਝਾਈ ਤਾਂ ਕਿਸੇ ਹੱਦ ਤੀਕ ਉਸ ਦਾ ਤੌਖਲਾ ਦੂਰ ਹੋ ਗਿਆ।

ਸਹਿਮੀ ਹਰਨੀ ਵਾਂਗ ਉਹ ਮੁਟਿਆਰ ਚੁਪ-ਚੁਪਾਤੀ ਇਕ ਪਾਸੇ ਜਾ ਕੇ ਖੜੋ ਗਈ। ਮੈਂ ਮਹਿੰਦਰਾਂ ਨੂੰ ਚਿਤਾਵਣੀ ਕੀਤੀ ਕਿ ਇਸ ਨੂੰ ਨੁਹਾ-ਧੁਆ ਕੇ ਕਪੜੇ ਬਦਲਾਏ ਤੇ ਨਾਲ ਉਸੇ ਦਾ ਸਿਰ ਵਾਹੇ।

ਮੇਰੀ ਆਗਿਆ ਅਨੁਸਾਰ ਮਹਿੰਦਰਾਂ ਨੇ ਉਸ ਨੂੰ ਨ੍ਹਾਉਣ-ਕਮਰੇ ਵਿਚ ਲੈ ਜਾ ਕੇ ਨੁਹਾਇਆ ਆਦਿ। ਸੁਦੈਣ ਨੇ ਬਿਨਾਂ ਹੀਲ ਹੁਜਤ ਸਭ ਕੁਝ ਕੀਤਾ।

ਥੋੜ੍ਹੀ ਦੇਰ ਬਾਦ ਜਦ ਉਹ ਮੇਰੇ ਸਾਹਮਣੇ ਆਈ ਤਾਂ ਮੈਨੂੰ ਪਛਾਨਣ

ਵਿਚ ਭੁਲੇਖਾ ਜਿਹਾ ਲੱਗਣ ਲੱਗਾ। ਹੁਣ ਉਹ ਬੜੀ ਬੀਬੀ ਰਾਣੀ ਜਾਪਦੀ ਸੀ। ਰੰਗ ਵੀ ਉਸ ਦਾ ਖ਼ਾਸਾ ਲਿਸ਼ਕ ਪਿਆ ਸੀ, ਪਰ ਅੱਖ-ਪੁਤਲੀਆਂ ਨੂੰ ਜਦ ਡਰਾਉਣੇ ਜਿਹੇ ਢੰਗ ਨਾਲ ਫੇਰਦੀ ਹੋਈ ਉਹ ਏਧਰ ਓਧਰ ਤੱਕਦੀ ਤਾਂ ਮੈਨੂੰ ਉਸ ਪਾਸੋਂ ਡਰ ਆਉਣ ਲੱਗ ਪੈਂਦਾ। ਘੜੀ-ਮੁੜੀ ਉਹ ਚੁੰਕਨੀ ਹੋ ਕੇ ਇਸ ਤਰ੍ਹਾਂ ਤਿਆਰ ਹੋ ਖਲੋਂਦੀ, ਜਿਵੇਂ ਹੁਣੇ ਕੋਈ ਨਾ ਕੋਈ ਉਧਮੂਲ ਖੜਾ ਕਰ ਦੇਵੇਗੀ। ਪੋਟਲੀ ਉਸ ਨੇ ਉਵੇਂ ਹੀ ਕੱਛੇ ਮਾਰੀ ਹੋਈ ਸੀ।

ਉਸ ਦਾ ਇਹ ਤਕਣ-ਢੰਗ ਵੇਖ ਕੇ ਮਹਿੰਦਰਾਂ ਡਰ ਨਾਲ ਸਘੁੰੜਦੀ ਜਾ ਰਹੀ ਸੀ ਤੇ ਕਾਕੇ ਨੂੰ ਵਧੇਰੇ ਘੁਟ ਕੇ ਮੋਢੇ ਨਾਲ ਲਾ ਲੈਂਦੀ ਸੀ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਸ਼ੁਦੈਣ ਕਾਕੇ ਵੱਲ ਕੁਝ ਇਸ ਤਰ੍ਹਾਂ ਤੱਕਦੀ ਜਿਵੇਂ ਹੁਣੇ ਉਸ ਨੂੰ ਮਹਿੰਦਰਾਂ ਪਾਸੋਂ ਖੋਹ ਲਵੇਗੀ।

ਮੈਂ ਮਹਿੰਦਰਾਂ ਨੂੰ ਉਸ ਵਲੋਂ ਤਸੱਲੀ ਦੇਂਦਿਆ ਤਕੀਦ ਕੀਤੀ ਕਿ ਉਸ ਨੂੰ ਬੁਲਾਣ ਚਲਾਣ ਦਾ ਜਤਨ ਕਰੇ, ਤੇ ਆਪ ਮੈਂ ਹੱਟੀ ਵੱਲ ਤੁਰ ਪਿਆ। ਮੈਨੂੰ ਭਰੋਸਾ ਸੀ ਕਿ ਉਹ ਜ਼ਰੂਰ ਬੋਲਣ ਲੱਗ ਪਵੇਗੀ। ਮੈਂ ਉਸ ਦੇ ਮੂੰਹੋਂ ਕੁਝ ਵਾਕ ਸੁਣ ਜੁ ਚੁੱਕਾਂ ਸਾਂ।

ਮੇਰਾ ਸਾਰਾ ਦਿਨ ਉਸੇ ਬਾਬਤ ਸੋਚਦਿਆਂ ਬੀਤਿਆ। ਕਦੇ ਖ਼ਿਆਲ ਕਰਦਾ—ਕਾਹਨੂੰ ਰਾਹ ਜਾਂਦੀ ਬਲਾ ਗੱਲ ਪਾ ਬੈਠਾ। ਨਾ ਜਾਣੀਏਂ ਕੋਈ ਉਪੱਦਰ ਖੜਾ ਕਰ ਦੇਵੇ। ਕਦੀ ਖ਼ਿਆਲ ਆਉਂਦਾ, ਜੇ ਉਸ ਦੇ ਹੋਸ਼ ਹਵਾਸ ਠੀਕ ਹੋ ਜਾਣ, ਤਾਂ ਮੈਨੂੰ ਕਿੰਨੀ ਖੁਸ਼ੀ ਹੋਵੇਗੀ। ਉਸ ਨੂੰ ਕਿਸੇ ਡਾਕਟਰ ਨੂੰ ਦਿਖਾਵਾਂਗਾ। ਪਰ ਮਤਾਂ ਘਰ ਜਾਣ ਤੋਂ ਪਹਿਲਾਂ ਹੀ ਨਾ ਕੁਝ ਕਰ ਬੈਠੇ। ਇਸ ਤੋਂ ਛੁਟ ਮੈਂ ਸ਼ਾਮ ਨੂੰ ਬੀਬੀ ਹੋਰਾਂ ਨੂੰ ਵੀ ਹਸਪਤਾਲੋਂ ਲੈਣ ਜਾਣਾ ਸੀ, ਇਸ ਲਈ ਸਵਖਤੇ ਹੀ ਦੁਕਾਨ ਬੰਦ ਕਰ ਕੇ ਘਰ ਤੁਰ ਪਿਆ।

... ... ... ...

ਘਰ ਵੜਿਆ ਹੀ ਸਾਂ ਕਿ ਉਤੋਂ ਦਗੜ-ਦਗੜ ਕਿਸੇ ਦੇ ਉਤਰਨ ਦੀ ਅਵਾਜ਼ ਆਈ, ਨਾਲ ਹੀ ਇਕ ਚੀਕ—"ਹਾਏ ਕਾਕੇ ਨੂੰ ਲੈ ਗਈ, ਮੈਂ ਅਜੇ ਹੁਣੇ ਪੰਘੂੜੇ ਵਿਚ.... ।"

ਮੈਨੂੰ ਵੇਖ ਕੇ ਮਹਿੰਦਰਾਂ ਮੇਰੀ ਬਾਂਹ ਝੰਜੋੜਦੀ ਹੋਈ ਹੋਰ ਵੀ ਉਚੀ-

ਉਚੀ ਕਹਿਣ ਲੱਗੀ—"ਬਾਊ ਜੀ! ਛੇਤੀ ਦੌੜੋ—ਕਾਕੇ ਨੂੰ ਲੈ ਗਈ।"

ਮੇਰਾ ਉਤਲਾ ਸਾਹ ਉਤੇ ਤੇ ਹੇਠਲਾ ਹੇਠਾਂ ਰਹਿ ਗਿਆ। ਜਾਹ ਜਾਂਦੀਏ! ਭਾਵੇਂ ਮੁੰਡਾ ਵੀ ਗਿਆ ਅੱਖਾਂ ਅੱਗੇ ਹਨੇਰਾ ਛਾ ਗਿਆ।

ਮੈਂ ਬਾਹਰ ਵੱਲ ਉਠ ਨੱਸਿਆ ਤੇ ਮੇਰੇ ਪਿਛੇ-ਪਿਛੇ ਮਹਿੰਦਰਾਂ ਵੀ। ਬੂਹਿਓਂ ਪੈਰ ਕਢਿਆ ਹੀ ਸੀ ਕਿ ਪਿਛਲੀ ਕੋਠਰੀ ਵਿਚੋਂ ਮੈਨੂੰ ਕਿਸੇ ਦੇ ਉਚੀ-ਉਚੀ ਹੱਸਣ ਦੀ ਅਵਾਜ਼ ਆਈ।

"ਓਧਰ ਵੇਖ ਕੇ ਮਹਿੰਦਰਾਂ ਅੰਦਰ ਕੌਣ ਏ" ਕਹਿ ਕੇ ਮੈਂ ਪਿਛਲੇ ਅੰਦਰ ਵੜਿਆ।

ਅੰਦਰ ਜਾ ਕੇ ਮੈਂ ਜੋ ਕੁਝ ਡਿਠਾ, ਉਸ ਨੇ ਮੈਨੂੰ ਚਕਰਾ ਦਿੱਤਾ। ਉਹੀ ਸ਼ੁਦੈਣ ਸੀ। ਕਾਕਾ ਉਸ ਦੀ ਗੋਦੀ ਵਿਚ ਸੀ ਤੇ ਉਸ ਦਾ ਸੱਜਾ ਥਣ ਕਾਕੇ ਦੀਆਂ ਬੁਲ੍ਹੀਆਂ ਵਿਚ। ਉਹ ਚੁੰਘ ਰਿਹਾ ਸੀ, ਤੇ ਉਹ ਹੱਸ ਰਹੀ ਸੀ। ਆਪਣੀ ਪੋਟਲੀ ਉਸ ਨੇ ਬਾਂਹ ਹੇਠ ਦਬਾਈ ਹੋਈ ਸੀ।

ਮਹਿੰਦਰਾਂ ਬੇ-ਤਹਾਸ਼ਾ ਉਸ ਦੇ ਉਤੇ ਜਾ ਪਈ ਤੇ ਇਕੋ ਝੱਟਕੇ ਨਾਲ ਉਸ ਨੇ ਕਾਕਾ ਉਸ ਦੀ ਗੋਦ ਵਿਚੋਂ ਖਿੱਚ ਲਿਆ।

ਗੋਦ ਖਾਲੀ ਹੁੰਦਿਆਂ ਹੀ ਉਹ ਇਤਨੇ ਜ਼ੋਰ ਦੀ ਭੁੱਬਾਂ ਮਾਰ-ਮਾਰ ਕੇ ਰੋਣ ਲੱਗੀ ਕਿ ਛੱਤ ਸਿਰ ਤੇ ਚੁੱਕ ਲਈ। ਉਸ ਦੇ ਰੋਣ ਦਾ ਢੰਗ ਕੁਝ ਅਞਾਣੇ ਬਾਲਾਂ ਵਰਗਾ ਸੀ, ਜਿਸ ਵਿਚ ਗੁੱਸਾ, ਲਾਡ, ਹਸਰਤ ਤੇ ਪਿਆਰ ਆਦਿ ਪਤਾ ਨਹੀਂ ਕਿੰਨਾ ਕੁਝ ਰਲਿਆ ਹੋਇਆ ਸੀ।

ਮੈਥੋਂ ਉਸ ਦੀ ਹਾਲਤ ਵੇਖੀ ਨਾ ਗਈ। ਇਸ ਦੇ ਨਾਲ ਹੀ ਮੇਰੇ ਅੰਦਰੋਂ ਇਕ ਹੋਰ ਖ਼ਿਆਲ ਉਠਿਆ, ਬੜਾ ਹੈਰਾਨੀ ਤੇ ਵਿਸਮਾਦ ਭਰਿਆ ਖ਼ਿਆਲ—ਹਸਪਤਾਲ ਦੀ ਬਾਰੀ ਨਾਲ ਉਸ ਦੇ ਲਮਕਣ ਦਾ, ਤੇ ਅੰਦਰਲੇ ਲਾਵਾਰਸ ਬੱਚੇ ਦਾ!

ਮੇਰੇ ਕਲੇਜੇ ਵਿਚੋਂ ਹੂਕ ਜਿਹੀ ਨਿਕਲੀ। ਮੈਂ ਛੇਤੀ ਨਾਲ ਮਹਿੰਦਰਾਂ ਪਾਸੋਂ ਕਾਕਾ ਲੈ ਕੇ ਮੁੜ ਉਹਨੂੰ ਫੜਾ ਦਿੱਤਾ।

ਉਸ ਦਾ ਰੋਣਾ ਇਕਦਮ ਬੰਦ ਹੋ ਗਿਆ ਤੇ ਮੁੜ ਅੱਗੇ ਵਾਂਗ ਹੀ ਉਹ ਕਾਕੇ ਨੂੰ ਚੁੰਘਾਣ ਲੱਗੀ।

ਫਿਰ ਮੈਨੂੰ ਖ਼ਿਆਲ ਆਇਆ—ਸ਼ੁਦੈਣ ਦਾ ਦੁਧ ਕਾਕੇ ਨੂੰ ਕੋਈ ਨੁਕਸਾਨ ਨਾ ਕਰੇ, ਪਰ ਉਸ ਵਿਚ ਮੈਨੂੰ ਕੋਈ ਪਾਗਲ-ਪੁਣੇ ਦਾ ਚਿੰਨ੍ਹ ਨਹੀਂ ਸੀ ਜਾਪਦਾ, ਛੁਟ ਇਸ ਤੋਂ ਕਿ ਉਹ ਬੋਲਦੀ ਨਹੀਂ ਸੀ। ਮੈਂ ਸਮਝ ਗਿਆ ਕਿ ਇਸ ਦੇ ਦਿਲ ਨੂੰ ਜ਼ਰੂਰ ਕੋਈ ਅਸਹਿ ਸਦਮਾ ਪੁੱਜਾ ਹੈ, ਜਿਸ ਕਰਕੇ ਇਸ ਦੇ ਦਿਮਾਗ਼ ਦੀਆਂ ਤਾਰਾਂ ਕੁਝ ਐਸੀਆਂ ਉਲਝ ਗਈਆਂ ਸਨ ਕਿ ਖ਼ਿਆਲਾਂ ਨੂੰ ਪ੍ਰਗਟ ਕਰਨ ਲਈ ਜ਼ਬਾਨ ਇਸ ਦਾ ਸਾਥ ਨਹੀਂ ਦੇਂਦੀ

ਥੋੜ੍ਹੇ ਚਿਰ ਬਾਦ ਉਸ ਨੇ ਆਪ ਹੀ ਹੱਸਦਿਆਂ-ਹੱਸਦਿਆਂ ਕਾਕਾ ਮਹਿੰਦਰਾਂ ਨੂੰ ਫੜਾ ਦਿੱਤਾ। ਹੁਣ ਮਹਿੰਦਰਾਂ ਨੂੰ ਉਸ ਪਾਸੋਂ ਕਿਸੇ ਤਰ੍ਹਾਂ ਦੇ ਖ਼ਤਰੇ ਦੀ ਸੰਭਾਵਨਾ ਨਹੀਂ ਸੀ।

ਮੈਂ ਕਿਉਂਕਿ ਹਸਪਤਾਲ ਜਾਣਾ ਸੀ, ਇਸ ਲਈ ਬਹੁਤਾ ਠਹਿਰ ਨਹੀਂ ਸਾਂ ਸਕਦਾ।

ਉਹ ਮੇਰੇ ਸਾਹਮਣੇ ਖੜੋਤੀ ਸੀ ਤੇ ਨਜ਼ਰ ਛੱਤ ਵੱਲ ਟਿਕਾਈ ਬੁਲ੍ਹਾਂ ਨੂੰ ਕੁਝ ਇਸ ਤਰ੍ਹਾਂ ਹਿਲਾ ਰਹੀ ਸੀ, ਮਾਨੋ ਛਤਤ ਦੀਆਂ ਕਣੀਆਂ ਗਿਣ ਰਹੀ ਹੈ।

ਮੈਂ ਪਿਆਰ ਨਾਲ ਉਹਦੇ ਸਿਰ ਤੇ ਹੱਥ ਫੇਰਿਆ। ਉਹ ਸਵੇਰ ਵਾਂਗ ਮੇਰੇ ਨਾਲ ਆ ਲੱਗੀ। ਆਪਣੇ ਸੱਜੇ ਹੱਥ ਦੀ ਪਹਿਲੀ ਉਂਗਲੀ ਨਾਲ ਉਹ ਮੇਰੇ ਕੋਟ ਦੀ ਮੋਢੇ ਵਾਲੀ ਥਾਂ ਤੇ ਕੁਝ ਲੀਕਾਂ ਜਹੀਆਂ ਵਾਹੁਣ ਲੱਗੀ। ਇਸ ਤਰ੍ਹਾਂ ਜਿਵੇਂ ਕੋਈ ਵਿਦਿਆਰਥੀ ਕਿਸੇ ਔਖੇ ਸਵਾਲ ਦਾ ਹਲ ਕੱਢਣ ਲੱਗਦਾ ਹੈ। ਉਂਗਲ ਨੂੰ ਜਿੰਨੀ ਵਾਰੀ ਉਹ ਚੁੱਕਦੀ ਰੱਖਦੀ, ਉਨੀ ਵਾਰੀ ਤੇ ਓਵੇਂ ਹੀ ਸਿਰ ਨੂੰ ਵੀ ਉੱਚਾ ਨੀਵਾਂ ਕਰੀ ਜਾਂਦੀ ਸੀ।

ਇਸ ਵੇਲੇ ਉਹ ਕਿੰਨੀ ਭੋਲੀ ਜਾਪਦੀ ਸੀ। ਉਸ ਨੂੰ ਇਸ ਹਾਲਤ ਵਿਚ ਵੇਖ ਕੇ ਕੋਈ ਕਹਿ ਸਕਦਾ ਸੀ ਕਿ ਉਹ ਪਾਗਲ ਹੈ?

ਇਹ ਕੁਝ ਕਰਦਿਆਂ-ਕਰਦਿਆਂ ਹੀ ਉਸ ਦੀ ਕੱਛੇ ਮਾਰੀ ਹੋਈ ਪੋਟਲੀ ਕੁਝ ਢਿੱਲੀ ਹੋ ਕੇ ਹੇਠਾਂ ਨੂੰ ਸਰਕਣ ਲੱਗੀ। ਇਸ ਨੂੰ ਉਸ ਨੇ ਚੌਕਸੀ ਨਾਲ ਮੁੜ ਠੀਕ ਕਰ ਕੇ ਬਾਂਹ ਨਾਲ ਦਬਾ ਲਿਆ। ਮੈਂ ਅਨੁਮਾਨ ਲਾਇਆ

ਕਿ ਇਸ ਗੰਢ ਵਿਚ ਜ਼ਰੂਰ ਕੋਈ ਇਹੋ ਜਿਹੀ ਚੀਜ਼ ਹੋਵੇਗੀ, ਜਿਸ ਦਾ ਇਸ ਦੇ ਜੀਵਨ ਨਾਲ, ਜਾਂ ਘੱਟੋ-ਘੱਟ ਇਸ ਦੇ ਪਾਗਲ-ਪੁਣੇ ਨਾਲ ਸੰਬੰਧ ਹੈ।

"ਤੇਰਾ ਨਾਂ ਕੀ ਏ ਬੱਚੀ।" ਮੈਂ ਪਿਆਰ ਨਾਲ ਉਸ ਤੋਂ ਪੁਛਿਆ ਉਹ ਮੇਰੇ ਵੱਲ ਤੱਕੀ, ਪਰ ਕੁਝ ਉੱਤਰ ਦੇਣ ਦੇ ਥਾਂ ਉਸ ਨੇ ਆਪਣਾ ਸਿਰ ਮੇਰੇ ਮੋਢੇ ਨਾਲ ਜੋੜ ਦਿੱਤਾ ਤੇ ਮੇਰੀ ਪਿੱਠ ਨੂੰ ਹੱਥਾਂ ਦੀਆਂ ਤਲੀਆਂ ਨਾਲ ਇਸ ਤਰ੍ਹਾਂ ਥਾਪੜਨ ਲੱਗੀ, ਜਿਵੇਂ ਕੋਈ ਮਾਂ ਆਪਣੇ ਬਾਲ ਨੂੰ ਸੁਆਣ ਲੱਗਿਆਂ ਕਰਦੀ ਹੈ।

ਮੈਂ ਫਿਰ ਕਿਹਾ—"ਤੂੰ ਨਾਂ ਨਹੀਂ ਦੱਸਣਾ ? ਚੰਗਾ ਤੇਰੀ ਮਰਜ਼ੀ। ਚਲ ਕੋਠੇ ਚੱਲੀਏ।" ਤੇ ਉਹ ਮੇਰੇ ਨਾਲ ਹੋ ਕੇ ਪੌੜੀਆਂ ਚੜ੍ਹਨ ਲੱਗੀ। ਮਹਿੰਦਰਾਂ ਵੀ ਪਿਛੇ-ਪਿਛੇ ਸੀ।

ਮੈਂ ਉਸ ਦੇ ਵਰਤਾਉ ਤੋਂ ਏਨਾ ਜ਼ਰੂਰ ਸਮਝ ਗਿਆ ਕਿ ਇਹ ਹਰ ਇਕ ਕਹੀ ਹੋਈ ਗੱਲ ਨੂੰ ਸਮਝ ਸਕਦੀ ਹੈ। ਇਸ ਤੋਂ ਛੁਟ ਜਿਹੜੀਆਂ ਉਸ ਨੇ ਉਂਗਲ ਨਾਲ ਮੇਰੇ ਕੋਟ ਤੇ ਲੀਕਾਂ ਵਾਹੀਆਂ ਸਨ, ਉਨ੍ਹਾਂ ਤੋਂ ਮੈਨੂੰ ਜਾਪਿਆ ਕਿ ਇਹ ਥੋੜ੍ਹਾ ਬਹੁਤਾ ਪੜ੍ਹੀ ਹੋਈ ਵੀ ਹੈ, ਉਸ ਦਾ ਲਿਖਣ ਢੰਗ ਕੁਝ ਏਦਾਂ ਦਾ ਹੀ ਮਲੂਮ ਹੁੰਦਾ ਸੀ।

ਉਪਰ ਜਾ ਕੇ ਉਹ ਮੰਜੇ ਤੇ ਬੈਠ ਗਈ, ਤੇ ਇਸ ਤੋਂ ਬਾਦ ਆਪਣੀ ਗੰਢ ਸਿਰ ਹੇਠ ਦੇ ਕੇ ਲੰਮੀ ਪੈ ਗਈ। ਪਈ-ਪਈ ਉਹ ਕਦੇ ਕੂਹਣੀਆਂ ਹਿਲਾਂਦੀ, ਕਦੇ ਦੰਦਾਂ ਨਾਲ ਨਹੁੰ ਟੁੱਕਣ ਲੱਗਦੀ, ਕਦੇ ਨਵੇਂ ਪਾਏ ਹੋਏ ਕਪੜਿਆਂ ਨੂੰ ਹੈਰਾਨੀ ਨਾਲ ਤੱਕਦੀ ਹੋਈ ਸਵਾਰਨ ਲੱਗ ਪੈਂਦੀ ਤੇ ਕਦੇ ਕਿਸੇ ਡੂੰਘੀ ਸੋਚ ਵਿਚ ਪੈ ਕੇ ਅੱਖਾਂ ਬੰਦ ਕਰ ਲੈਂਦੀ।

ਮੈਂ ਹਸਪਤਾਲ ਜਾਣ ਲਈ ਤਿਆਰ ਹੋਇਆ, ਪਰ ਮਹਿੰਦਰਾਂ ਇਸ ਸ਼ੁਦੈਣ ਦੇ ਹੁੰਦਿਆਂ ਘਰ ਵਿਚ ਇਕੱਲੀ ਰਹਿਣ ਨੂੰ ਰਾਜ਼ੀ ਨਹੀਂ ਸੀ। ਮੈਂ ਅਜਬ ਬਿਪਤਾ ਵਿਚ ਫਸ ਗਿਆ। ਪਰ ਜਾਣਾ ਵੀ ਤਾਂ ਜ਼ਰੂਰੀ ਸੀ।

ਮਹਿੰਦਰਾਂ ਨੂੰ ਸਮਝਾ-ਬੁਝਾ ਕੇ ਬਾਹਰਲੇ ਬੂਹੇ ਦਾ ਕੁੰਡਾ ਮਾਰ ਕੇ ਮੈਂ

ਹਸਪਤਾਲ ਤੁਰ ਪਿਆ। ਸਾਰੇ ਰਾਹ ਇਹੋ ਸੋਚਦਾ ਜਾਂਦਾ ਸਾਂ ਕਿ ਇਹ ਰਾਹ ਜਾਂਦੇ ਖਟਰਾਗ ਮੈਂ ਕਿਉਂ ਸਹੇੜ ਲਿਆ।

... ... ... ...

ਬੀਬੀ ਜੀ ਨੂੰ ਉਨ੍ਹਾਂ ਦੇ ਘਰ ਪਹੁੰਚਾ ਦਿੱਤਾ। ਮੇਰੀ ਇਕ ਲੱਤ ਆਪਣੇ ਘਰ ਤੇ ਦੂਜੀ ਬੀਬੀ ਹੋਰਾਂ ਦੇ ਘਰ ਰਹਿੰਦੀ ਸੀ। ਇਹੋ ਹਾਲਤ ਵਿਚਾਰੀ ਘਰ ਵਾਲੀ ਦੀ ਸੀ।ਹੱਟੀ ਖੋਲ੍ਹਿਆਂ ਕਈ ਦਿਨ ਹੋ ਗਏ ਸਨ, ਬੀਬੀ ਹੋਰਾਂ ਦੀ ਬੀਮਾਰੀ ਵਿਚ ਕੋਈ ਫ਼ਰਕ ਨਹੀਂ ਸੀ ਪਿਆ। ਗਿਆਨੀ ਹੋਰੀਂ ਅਜੇ ਤੱਕ ਨਹੀਂ ਸਨ ਆਏ।

ਸ਼ੁਦੈਣ ਦੀ ਹਾਲਤ ਭਾਵੇਂ ਉਸੇ ਤਰ੍ਹਾਂ ਸੀ ਪਰ ਹੁਣ ਸਾਨੂੰ ਉਸ ਪਾਸੋਂ ਕਿਸੇ ਕਿਸਮ ਦਾ ਖ਼ਤਰਾ ਨਹੀਂ ਸੀ। ਮਹਿੰਦਰਾਂ ਹੁਣ ਕਾਕੇ ਨੂੰ ਖੁਸ਼ੀ ਨਾਲ ਉਸ ਦੇ ਹਵਾਲੇ ਕਰ ਦੇਂਦੀ ਸੀ। ਉਸ ਨੂੰ ਜਿਧਰ ਤੋਰੀਏ—ਜੋ ਕੰਮ ਕਹੀਏ, ਝੱਟ ਕਰ ਦੇਂਦੀ ਸੀ, ਪਰ ਇਕੋ ਹੀ ਘਾਟਾ ਸੀ ਕਿ ਬੋਲਦੀ ਨਹੀਂ ਸੀ।

ਹਸਪਤਾਲੋਂ ਬੀਬੀ ਜੀ ਨੂੰ ਲਿਆਂਦਿਆਂ ਤਿੰਨ ਚਾਰ ਦਿਨ ਹੋ ਗਏ ਸਨ। ਉਨੀਂਦੇ ਕੱਟ-ਕੱਟ ਕੇ ਭੱਜੋ-ਨੱਠੀ ਕਰ-ਕਰ ਕੇ ਮੇਰੀ ਬੁਰੀ ਹਾਲਤ ਸੀ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਕਲ੍ਹ ਤੋਂ ਬੀਬੀ ਹੋਰਾਂ ਦੀ ਹਾਲਤ ਫੇਰ ਫ਼ਿਕਰ ਵਾਲੀ ਸੀ। ਅੱਜ ਗਿਆਨੀ ਜੀ ਦੀ ਇਕ ਚਿਠੀ ਆਈ ਸੀ, ਜਿਸ ਵਿਚ ਉਨ੍ਹਾਂ ਲਿਖਿਆ ਸੀ ਕਿ ਮੈਂ ਆ ਰਿਹਾ ਹਾਂ।

ਲੰਮੇ ਪੈਣ ਦੇ ਖ਼ਿਆਲ ਨਾਲ ਮੈਂ ਦੁਪਹਿਰੇ ਘਰ ਆਇਆ। ਮਹਿੰਦਰਾਂ ਦੀ ਮਾਂ ਬੀਬੀ ਹੋਰਾਂ ਦੇ ਘਰ ਗਈ ਹੋਈ ਸੀ। ਉਸ ਦੀ ਮਾਂ ਨੇ ਉਸ ਨੂੰ ਛੇਤੀ ਸੱਦ ਘੱਲਿਆ ਸੀ ਤੇ ਮਹਿੰਦਰਾਂ ਮੇਰੀ ਹੀ ਉਡੀਕ ਵਿਚ ਸੀ।

ਚੁਬਾਰੇ ਵਿਚ ਜਾ ਕੇ ਮੈਂ ਡਿੱਠਾ ਬੂਹੇ ਵਲ ਪਿੱਠ ਕੀਤੀ ਉਹ ਮੰਜੇ ਤੇ ਬੈਠੀ ਸੀ। ਗੰਢ ਉਸ ਨੇ ਖੋਲ੍ਹੀ ਹੋਈ ਸੀ। ਇਹ ਕੀ ਸੀ? ਇਹ ਕੀ ਸੀ? ਪਹਿਲਾਂ ਤਾਂ ਮੈਂ ਰੱਦੀ ਕਾਗਜ਼ਾਂ ਦੇ ਟੁਕੜੇ ਸਮਝੇ ਪਰ ਜਦ ਹੋਰ ਧਿਆਨ ਨਾਲ ਡਿੱਠਾ ਤਾਂ ਪਤਾ ਲਗਾ ਕਿ ਇਹ ਕੁਝ ਪੁਰਾਣੀਆਂ ਚਿੱਠੀਆਂ ਸਨ।

ਦੱਬੇ ਪੈਰੀ ਅਗਾਂਹ ਵਧਿਆ ਤੇ ਉਸ ਦੀ ਪਿੱਠ ਪਿੱਛੇ ਜਾ ਖਲੋਤਾ ਪਰ ਉਸ ਨੂੰ ਮੇਰੇ ਆਉਣ ਦਾ ਕੋਈ ਪਤਾ ਨਾ ਲੱਗਾ। ਉਹ ਆਪਣੇ ਕੰਮ ਵਿਚ ਏਨੀ ਰੁੱਝੀ ਹੋਈ ਸੀ ਕਿ ਜੇ ਮੈਂ ਉਸ ਦੇ ਸਾਹਮਣੇ ਵੀ ਜਾ ਖਲੋਂਦਾ, ਤਾਂ ਉਸ ਨੂੰ ਖ਼ਬਰ ਨਾ ਹੁੰਦੀ।

ਹੁਣ ਮੈਂ ਚਿੱਠੀਆਂ ਨੂੰ ਚੰਗੀ ਤਰ੍ਹਾਂ ਵੇਖ ਸਕਦਾ ਸਾਂ। ਇਨ੍ਹਾਂ ਵਿਚ ਕੁਝ ਏਨੀਆਂ ਖਸਤਾ ਹੋ ਗਈਆਂ ਸਨ ਕਿ ਉਨ੍ਹਾਂ ਦੀਆਂ ਤਹਿਆਂ ਗਲ ਕੇ ਇਕ ਦੇ ਚਾਰ ਚਾਰ, ਅੱਠ ਅੱਠ ਟੁਕੜੇ ਹੋਏ ਹੋਏ ਸਨ। ਸਾਰੀਆਂ ਚਿੱਠੀਆਂ ਗੁਰਮੁਖੀ ਵਿਚ ਸਨ।

ਉਹ ਹਰ ਇਕ ਚਿੱਠੀ ਨੂੰ ਵਾਰੋ ਵਾਰੀ ਚੁਕਦੀ, ਤੇ ਅੱਖਾਂ ਦੇ ਨੇੜੇ ਲੈ ਜਾ ਕੇ ਸ਼ਾਇਦ ਪੜ੍ਹਨ ਦਾ ਯਤਨ ਕਰਦੀ ਸੀ, ਇਸ ਤਰ੍ਹਾਂ ਕਰਦੀ ਹੋਈ ਉਹ ਘੜੀ ਮੁੜੀ ਪੋਟਿਆਂ ਨਾਲ ਅੱਖਾਂ ਮਲਦੀ ਸੀ, ਜਿਸ ਤੋਂ ਜਾਪਦਾ ਸੀ ਕਿ ਉਸ ਨੂੰ ਅੱਖਰ ਸਾਫ ਨਹੀਂ ਦਿਸਦੇ, ਤੇ ਜਾਂ ਉਨ੍ਹਾਂ ਦਾ ਮਤਲਬ ਉਸ ਦੀ ਸਮਝ ਵਿਚ ਨਹੀਂ ਆ ਰਿਹਾ।

ਮੇਰੀ ਨਜ਼ਰ ਸਭ ਤੋਂ ਪਹਿਲਾਂ ਜਿਸ ਚਿੱਠੀ ਉਤੇ ਪਈ, ਉਸ ਦੀ ਪਹਿਲੀ ਸੱਤਰ ਸੀ—"ਪਿਆਰੀ ਕ੍ਰਿਸ਼ਨਾ... ।"

ਤਾਂ ਕੀ ਇਸ ਦਾ ਨਾਂ 'ਕ੍ਰਿਸ਼ਨਾ' ਹੈ ? ਇਹ ਖ਼ਿਆਲ ਕਰਕੇ ਮੈਂ ਸਹਿਜ ਨਾਲ ਉਸਨੂੰ ਆਵਾਜ਼ ਦਿੱਤੀ, "ਕ੍ਰਿਸ਼ਨਾਂ !"

ਉਹ ਇਸ ਤਰ੍ਹਾਂ ਮੇਰੇ ਵਲ ਤੱਕੀ, ਜਿਵੇਂ ਕੋਈ ਘਰ ਦਾ ਮਾਲਕ ਚੋਰ ਨੂੰ ਵੇਖ ਕੇ।

ਮੈਂ ਉਸ ਦੇ ਸਾਹਮਣੇ ਜਾਕੇ ਖੜ੍ਹਾ ਹੋ ਗਿਆ।

ਇਸ ਵੇਲੇ ਉਸਦੇ ਚਿਹਰੇ ਉਤੇ ਕ੍ਰੋਧ ਤੇ ਮੁਸਕ੍ਰਾਹਟ ਦੋਵੇਂ ਚੀਜ਼ਾਂ ਝਲਕ ਰਹੀਆਂ ਸਨ। ਉਹ ਛੇਤੀ-ਛੇਤੀ ਸਾਰੀਆਂ ਚਿੱਠੀਆਂ ਕਠੀਆਂ ਕਰਨ ਲੱਗੀ।

"ਚਿੱਠੀਆਂ ਕਿਸ ਦੀਆਂ ਨੇ, ਕ੍ਰਿਸ਼ਨਾ ? ਤੇਰੀਆਂ ?" ਮੈਂ ਉਸ ਤੋਂ ਪੁੱਛਿਆ। ਉਹ ਚਿੱਠੀਆਂ ਨੂੰ ਲੀਰ ਵਿਚ ਲੇਪਟ ਰਹੀ ਸੀ, ਪਰ ਮੇਰੀ ਗੱਲ ਸੁਣ ਕੇ ਰੁਕ ਗਈ। ਉਸ ਨੇ ਲੀਰ ਵਿਚੋਂ ਮੁੜ ਕੱਢ ਲਈਆਂ ਤੇ ਉਨ੍ਹਾਂ

ਉਤੇ ਕਿੰਨਾ ਹੀ ਚਿਰ ਨਜ਼ਰ ਜਮਾਈ ਬੈਠੀ ਰਹੀ। ਇਸ ਤੋਂ ਬਾਅਦ ਉਸ ਨੇ ਪਤਾ ਨਹੀਂ ਕੀ ਸੋਚਕੇ ਉਹ ਸਾਰੀ ਥਹੀ ਮੈਨੂੰ ਫੜਾ ਦਿੱਤੀ। ਨਾਲ ਹੀ ਉਹ ਜਿਸ ਭਾਵ ਨਾਲ ਮੇਰੇ ਵੱਲ ਤੱਕੀ, ਉਸ ਦਾ ਮੈਂ ਇਹੋ ਅਰਥ ਕੱਢਿਆ ਕਿ ਇਹ ਮੈਥੋਂ ਚਿੱਠੀਆਂ ਪੜ੍ਹਾਣਾ ਚਾਹੁੰਦੀ ਹੈ।

ਮੈਂ ਚਿੱਠੀਆਂ ਲੈ ਕੇ ਉਸ ਦੇ ਪਾਸ ਹੀ ਪੈਂਦ ਵੱਲ ਬੈਠ ਗਿਆ। ਮੇਰਾ ਖ਼ਿਆਲ ਸੱਚਾ ਨਿਕਲਿਆ—ਉਹ ਪੜ੍ਹਾਣਾ ਹੀ ਚਾਹੁੰਦੀ ਸੀ, ਕਿਉਂਕਿ ਉਹ ਸੁਣਨ ਲਈ ਮੇਰੇ ਨੇੜੇ ਹੋ ਬੈਠੀ ਸੀ। ਮੈਂ ਤਾਂ ਪਹਿਲਾਂ ਹੀ ਉਸ ਦੀ ਇਸ ਪੋਟਲੀ ਦੇ ਭੇਦ ਤੋਂ ਜਾਣੂ ਹੋਣਾ ਚਾਹੁੰਦਾ ਸਾਂ।

ਚਿੱਠੀਆਂ ਦੇ ਪਾਟੇ ਹੋਏ ਟੁਕੜੇ ਮੈਂ ਵੱਖਰੇ ਕਰ ਦਿੱਤੇ, ਤੇ ਜਿਹੜੀਆਂ ਪੰਜ ਛੀ ਸਾਬਤ ਸਨ, ਉਹ ਵੱਖ ਕਰ ਲਈਆਂ।

ਕਿਸੇ ਚਿੱਠੀ ਥੱਲੇ ਵੀ ਲਿਖਣ ਵਾਲੇ ਦਾ ਨਾਂ ਨਹੀਂ ਸੀ, ਹਾਂ ਤਰੀਕ ਮਹੀਨਾ ਸਾਰੀਆਂ ਉਤੇ ਸੀ। ਸੋ ਇਨ੍ਹਾਂ ਤਰੀਕਾਂ ਦੇ ਆਧਾਰ ਤੇ ਹੀ ਮੈਂ ਚਿੱਠੀਆਂ ਨੂੰ ਸਿਲਸਿਲੇਵਾਰ ਕੀਤਾ।

ਪਹਿਲੀ ਚਿੱਠੀ, ਜੋ ਮੈਂ ਪੜ੍ਹਨੀ ਸ਼ੁਰੂ ਕੀਤੀ ਉਸ ਦਾ ਮਜ਼ਮੂਨ ਇਸ ਤਰ੍ਹਾਂ ਸੀ :—

"ਮੇਰੇ ਰੋਮ ਰੋਮ ਵਿਚ ਵਸਣ ਵਾਲੀ ਪਿਆਰੀ ਕਿਸ਼ਨਾ ! ਆਹ ! ਕਿਤਨਾ ਪਿਆਰਾ ਨਾਂ ਹੈ, ਕਿੰਨਾ ਮਿੱਠਾ ਤੇ ਕੋਮਲ ! ਜਿੰਨੀ ਵਾਰੀ ਕਲਮ 'ਕਿਸ਼ਨਾ' ਲਿਖਦੀ ਹੈ, ਓਨੀ ਵਾਰੀ ਤੇਰੀ ਮੋਹਿਨੀ ਮੂਰਤ ਅੱਖਾਂ ਅਗੇ ਆ ਜਾਂਦੀ ਹੈ। ਤੇਰੇ ਮਨ-ਮੋਹਣੇ ਨੈਣ, ਤੇਰਾ ਖਿੜਵਾਂ ਮੁਖੜਾ, ਤੇਰੀਆਂ ਪਾਗਲ ਬਣਾ ਦੇਣ ਵਾਲੀਆਂ ਅਦਾਵਾਂ ਤੇ ਤੇਰੀ ਕਟੀਲੀ ਮੁਸਕ੍ਰਾਹਟ, ਮੇਰੇ ਦਿਲ ਵਿਚ ਪ੍ਰੇਮ ਦਾ ਹੜ੍ਹ ਲੈ ਆਉਂਦੀਆਂ ਹਨ।

ਓਹ ! ਮੇਰੀ ਕ੍ਰਿਸ਼ਨਾ ! ਤੂੰ ਕਿਤਨੀ ਭੋਲੀ-ਕਿਤਨੀ ਅੱਲ੍ਹੜ ਹੈਂ ! ਤੇਰਾ ਪਿਆਰ ਵਿਚ ਭਿਜਿਆ ਹੋਇਆ ਪੱਤਰ ਪੁਜਾ, ਪੜ੍ਹਿਆ ਪੜ੍ਹ ਕੇ ਕੀ ਹਾਲਤ ਹੋਈ ? ਦਸ ਨਹੀਂ ਸਕਦਾ।

ਅੱਗੇ ਤਾਂ ਮੈਂ ਖ਼ਿਆਲ ਕਰਦਾ ਸਾਂ ਕਿ ਕ੍ਰਿਸ਼ਨਾ ਦੀ ਸ਼ਕਲ ਵਿਚ ਹੀ

ਮੋਹਿਨ ਸ਼ਕਤੀ ਹੈ, ਪਰ ਹੁਣ ਮਲੂਮ ਹੁੰਦਾ ਹੈ ਕਿ ਉਸ ਦੀ ਕਲਮ ਵੀ ਜਾਦੂਗਰਨੀ ਹੈ।

ਤੂੰ ਲਿਖਦੀ ਹੈਂ ਕਿ ਤੂੰ ਹਰ ਇਕ ਵਾਕ ਕਲੇਜਾ ਚੀਰ ਕੇ ਲਿਖ ਰਹੀ ਹੈਂ, ਪਰ ਮੈਂ ਤਾਂ ਸਮਝਦਾ ਹਾਂ ਕਿ ਤੂੰ ਹਰ ਇਕ ਵਾਕ ਕਲੇਜਾ ਚੀਰਨ ਲਈ ਲਿਖਦੀ ਹੈਂ।

ਤੇਰੀ ਬਿਹਬਲਤਾ, ਤੇਰੀ ਬੇ ਕਰਾਰੀ ਤੇ ਪ੍ਰੇਮ-ਲਹਿਰਾਂ ਵਿਚ ਅਠਖੇਲੀਆਂ ਲੈਂਦੀ ਹਾਲਤ ਨੂੰ ਮੈਂ ਬਹੁਤ ਚੰਗੀ ਤਰ੍ਹਾਂ ਅਨੁਭਵ ਕਰ ਰਿਹਾ ਹਾਂ, ਪਰ ਨਾਲ ਹੀ ਮੈਂ ਤੇਰੇ ਲਿਖੇ ਸ਼ਬਦਾਂ ਤੋਂ ਇਹ ਵੀ ਅਨੁਮਾਨ ਲਾ ਰਿਹਾ ਹਾਂ ਕਿ ਤੂੰ ਅਜੇ ਤਕ ਪਰੇਮ ਦੇ ਅਸਲੀ ਆਦਰਸ਼ ਤੋਂ ਬੇ-ਖ਼ਬਰ ਹੈਂ। ਆਪਣੀ ਤੇ ਆਪਣੇ ਖ਼ਾਨਦਾਨ ਦੀ ਇੱਜ਼ਤ ਦਾ ਜਿਹੜਾ ਡਰ ਤੂੰ ਅਨੁਭਵ ਕਰ ਰਹੀ ਹੈ, ਇਹ ਇਸੇ ਕਰਕੇ ਹੈ, ਨਹੀਂ ਤਾਂ ਪ੍ਰੇਮ ਕੀ ਤੇ ਇੱਜ਼ਤ ਦਾ ਡਰ ਕੀ! ਭੋਲੀ ਕ੍ਰਿਸ਼ਨਾ! ਭਲਾ ਇਸ ਤਰ੍ਹਾਂ ਡਰਿਆਂ ਕਦੇ ਪ੍ਰੇਮ-ਪੀਂਘ ਦੇ ਹੁਲਾਰੇ ਆ ਸਕਦੇ ਹਨ?

ਤੂੰ ਮੈਥੋਂ ਘੜੀ ਮੁੜੀ ਸੁਆਲ ਪੁਛਦੀ ਹੈਂ ਕਿ ਉਹ ਦਿਨ ਕਦੋਂ ਆਉਣਗੇ ਜਦ ਅਸੀਂ ਪ੍ਰਣ ਦੇ ਬੰਧਨ ਵਿਚ ਬਝ ਕੇ ਗ੍ਰਹਿਸਤ-ਜੀਵਨ ਵਿਚ ਪ੍ਰਵੇਸ਼ ਕਰਾਂਗੇ? ਇਸ ਦੇ ਉੱਤਰ ਵਿਚ ਏਨਾ ਹੀ ਕਹਿਣਾ ਕਾਫ਼ੀ ਹੋਵੇਗਾ ਕਿ ਸਹਿਜ ਪੱਕੇ ਸੋ ਮੀਠਾ। ਪਰ ਕ੍ਰਿਸ਼ਨਾ! ਉਹ ਦਿਨ ਬਹੁਤਾ ਦੂਰ ਨਹੀਂ, ਜਦ ਤੂੰ ਇਕ ਗ਼ਰੀਬ ਤੇ ਅਛੂਤ ਲੜਕੀ ਹੁੰਦੀ ਹੋਈ ਇਕ ਮੰਨੇ ਪ੍ਰਮੰਨੇ ਪਤਵੰਤੇ ਦੀ ਅਰਧੰਗੀ ਸਦਾਏਂਗੀ। ਜਿੰਨਾ ਤੂੰ ਹੁਣ ਆਪਣੇ ਨਸੀਬਾਂ ਨੂੰ ਕੋਸ ਰਹੀ ਹੈਂ, ਇਸ ਤੋਂ ਵੱਧ ਤੂੰ ਆਪਣੇ ਭਾਗਾਂ ਨੂੰ ਸਲਾਹੇਂਗੀ।

ਤੇਰਾ ਇਹ ਲਿਖਣਾ ਠੀਕ ਹੈ ਕਿ ਗ਼ਰੀਬ ਅਮੀਰ ਸਭ ਨੂੰ ਇੱਜ਼ਤ ਇਕੋ ਜਿਹੀ ਪਿਆਰੀ ਹੁੰਦੀ ਹੈ, ਪਰ ਤੈਨੂੰ ਇਹ ਗੱਲ ਭੁਲਣੀ ਨਹੀਂ ਚਾਹੀਦੀ ਕਿ ਪ੍ਰੇਮ ਦੇ ਸਾਹਮਣੇ ਇਸ ਦਾ ਕੁਝ ਵੀ ਮੁੱਲ ਨਹੀਂ। ਪਤਾ ਈ ਕ੍ਰਿਸ਼ਨਾ! ਸ਼ੁਰੂ ਸ਼ੁਰੂ ਵਿਚ ਇਕ ਵਾਰੀ ਮੈਂ ਤੈਨੂੰ ਕਿਹਾ ਸੀ ਕਿ ਪ੍ਰੇਮ-ਪੰਧ ਵਿਚ ਸੰਭਾਲ ਕੇ ਪੈਰ ਰੱਖੀਂ, ਤੇ ਤੂੰ ਮੈਨੂੰ ਇਸ ਦਾ ਉੱਤਰ ਦਿੱਤਾ ਸੀ? ਤੂੰ ਕਿਹਾ ਸੀ—ਮੇਰੇ ਦੇਵਤਾ! ਮੈਂ ਤੁਹਾਡੇ ਚਰਨਾਂ ਤੋਂ ਸਭ ਕੁਝ ਵਾਰ ਦਿਆਂਗੀ ਸਣੇ ਇੱਜ਼ਤ ਆਬਰੂ ਦੇ, ਸਣੇ ਧਰਮ ਤੇ ਸਣੇ ਜ਼ਿੰਦਗੀ ਦੇ।

ਪਰ ਤੇਰੀ ਇਹ ਚਿੱਠੀ ਪੜ੍ਹ ਕੇ ਤਾਂ ਮੈਨੂੰ ਜਾਪਦਾ ਹੈ, ਜਿਵੇਂ ਤੂੰ ਕੁਝ ਘਬਰਾ ਗਈ ਹੈ ਤੇ ਕੁਝ ਡਰ ਵੀ ਮਹਿਸੂਸ ਕਰ ਰਹੀ ਹੈਂ।

ਮੈਂ ਬਹੁਤੀ ਛੇਤੀ ਕਿਸੇ ਨਾ ਕਿਸੇ ਬਹਾਨੇ ਆਵਾਂਗਾ, ਸ਼ਾਇਦ ਅਗਲੇ ਹਫਤੇ ਹੀ।

ਤੇਰਾ ਸ਼ੈਦਾਈ......"

ਚਿੱਠੀ ਸਮਾਪਤ ਕਰਨ ਤੋਂ ਬਾਦ ਜਦ ਮੇਰੀ ਨਜ਼ਰ ਉਸ ਸੁਦੈਣ ਉਤੇ ਪਈ ਤਾਂ ਮੈਂ ਡਿੱਠਾ, ਉਸ ਦਾ ਚਿਹਰਾ ਸੇਉ ਵਾਂਗ ਚਮਕ ਰਿਹਾ ਸੀ। ਉਹ ਆਪੇ ਤੋਂ ਬਾਹਰ ਹੋ ਰਹੀ ਸੀ। ਉਹ ਆਪਣੇ ਹੱਥ ਮਰੋੜ ਰਹੀ ਸੀ ਤੇ ਕੁਝ ਅਜੇਹੇ ਡਰਾਉਣੇ ਢੰਗ ਨਾਲ ਹੱਸ ਰਹੀ ਸੀ, ਜਿਸ ਦਾ ਵਰਣਨ ਕਰਨਾ ਔਖਾ ਹੈ।

ਫਿਰ ਉਸ ਨੇ ਅੱਖਾਂ ਬੰਦ ਕਰ ਲਈਆਂ ਤੇ ਮਸਤੀ ਵਿਚ ਝੂਮਣ ਲੱਗ ਪਈ। ਝੂਠ ਕਿਉਂ ਕਹਾਂ, ਇਸ ਚਿੱਠੀ ਵਿਚੋਂ ਖ਼ੁਦ ਮੈਨੂੰ ਹੀ ਏਨਾ ਸੁਆਦ ਆਇਆ ਕਿ ਇਕ ਵਾਰੀ ਆਪਣੀ ਜੁਆਨੀ ਵੇਲੇ ਦੇ ਕਈ ਸੁਨਹਿਰੀ ਸੁਪਨੇ ਮੇਰੀਆਂ ਅੱਖਾਂ ਅੱਗੋਂ ਲੰਘ ਗਏ।

ਦੂਸਰੀ ਚਿੱਠੀ ਚੁਕਦਿਆਂ ਮੈਂ ਉਸ ਨੂੰ ਕਿਹਾ—"ਕ੍ਰਿਸ਼ਨਾ! ਲੈ ਸੁਣ ਦੂਸਰੀ ਚਿੱਠੀ।"

ਉਸ ਨੇ ਝੱਟ ਪਟ ਅੱਖਾਂ ਖੋਲ੍ਹ ਲਈਆਂ ਤੇ ਅੱਗੇ ਨਾਲੋਂ ਵੀ ਵਧੀਕ ਧਿਆਨ ਨਾਲ ਸੁਣਨ ਲਈ ਤਿਆਰ ਹੋ ਬੈਠੀ।

ਇਸ ਚਿੱਠੀ ਦੀ ਤਰੀਕ, ਪਹਿਲੀ ਚਿੱਠੀ ਨਾਲੋਂ ਦੋ ਕੁ ਮਹੀਨੇ ਬਾਦ ਦੀ ਸੀ। ਮੈਂ ਖ਼ਿਆਲ ਕੀਤਾ ਸ਼ਾਇਦ ਵਿਚਲੇ ਸਮੇਂ ਦੀਆਂ ਕੁਝ ਚਿੱਠੀਆਂ ਗੁੰਮ ਹੋ ਗਈਆਂ ਹੋਣਗੀਆਂ, ਜਾਂ ਇਨ੍ਹਾਂ ਵਿਚ ਹੀ ਕਿਤੇ ਰਲ ਮਿਲ ਗਈਆਂ ਹੋਣ। ਕਿਉਂਕਿ ਇਸ ਤਰ੍ਹਾਂ ਪ੍ਰੇਮ-ਮਤੇ ਪ੍ਰੇਮੀ ਪ੍ਰੇਮਕਾ ਦੇ ਵਿਚਾਲੇ ਏਨੀ ਲੰਮੀ ਵਿਥ ਪੈਣੀ ਮੇਰੀ ਜਾਚੇ ਅਚੰਭੇ ਵਾਲੀ ਗੱਲ ਸੀ। ਪਰ ਇਹ ਚਿੱਠੀ ਮੁਕਾਣ ਤੋਂ ਬਾਦ ਮੇਰਾ ਖ਼ਿਆਲ ਗ਼ਲਤ ਨਿਕਲਿਆ। ਅਰਥਾਤ ਲਗਪਗ ਇਹ ਸਾਰਾ ਸਮਾਂ ਦੁਹਾਂ ਲਈ ਮੇਲ ਦਾ ਸੀ।

ਦੂਜੀ ਚਿੱਠੀ ਦਾ ਮਜ਼ਮੂਨ ਇਸ ਤਰ੍ਹਾਂ ਸੀ :—

"ਮੇਰੇ ਜੀਵਨ-ਮੰਡਲ ਦੀ ਸੁਨਹਿਰੀ ਕਿਰਨ ਕ੍ਰਿਸ਼ਨਾ! ਤੇਰਾ ਦੀਵਾਨਾ ਅੱਜ ਤਰੀਕ...ਨੂੰ ਘਰ ਪਹੁੰਚ ਗਿਆ ਹੈ। ਤੇ ਪਹੁੰਚਦਿਆਂ ਹੀ ਤੇਰੀ ਚਿੱਠੀ ਦੇ ਦਰਸ਼ਨ ਹੋਏ। ਮੈਨੂੰ ਮਲੂਮ ਹੁੰਦਾ ਹੈ ਜਦੋਂ ਮੈਂ ਤੈਥੋਂ ਵਿਛੜਿਆ ਸਾਂ, ਓਦੋਂ ਹੀ ਤੂੰ ਚਿੱਠੀ ਲਿਖਣ ਵਿਚ ਰੁਝ ਗਈ ਹੋਵੇਂਗੀ।

ਰੱਬ ਦੇ ਵਾਸਤੇ ਕ੍ਰਿਸ਼ਨਾ! ਇਤਨਾ ਪਾਗਲਪੁਣਾ ਚੰਗਾ ਨਹੀਂ। ਅਜੇ ਹੁਣੇ ਹੀ ਤਾਂ ਮੈਂ ਦੋ ਮਹੀਨੇ ਤੇਰੇ ਸ਼ਹਿਰ ਰਹਿ ਕੇ ਆਇਆ ਹਾਂ; ਤੇ ਹੁਣੇ ਇਹ ਹਾਲਤ ?

ਹਾਂ, ਆਪਣਾ ਇਕਰਾਰ ਮੈਨੂੰ ਯਾਦ ਹੈ ਤੇ ਮੈਂ ਛੇਤੀ ਤੋਂ ਛੇਤੀ ਪੂਰਾ ਕਰਨ ਲਈ ਕੋਸ਼ਿਸ਼ ਕਰਾਂਗਾ, ਪਰ ਕ੍ਰਿਸ਼ਨਾ! ਹੱਥਾਂ ਤੇ ਸਰ੍ਹੋਂ ਜਮਾਣੀ ਤਾਂ ਮੇਰੇ ਵੱਸ ਦੀ ਗੱਲ ਨਹੀਂ। ਤੂੰ ਜਾਣਦੀ ਹੈ, ਮੈਂ ਇਕ ਸੁਧਾਰਕ ਆਦਮੀ ਹਾ। ਮੇਰਾ ਜੀਵਨ, ਮੇਰਾ ਤਨ, ਮਨ, ਧਨ, ਸਭ ਕੁਝ ਕੌਮ ਦਾ ਹੈ। ਪਰ ਇਤਨਾ ਹੋਣ ਤੇ ਵੀ ਮੈਂ ਗ੍ਰਹਿਸਤ-ਜੀਵਨ ਦਾ ਚਾਹਵੰਦ ਹਾਂ। ਸੋ ਆਸ਼ਾ ਹੈ, ਛੇਤੀ ਤੋਂ ਛੇਤੀ ਮੈਂ ਕ੍ਰਿਸ਼ਨਾ ਨੂੰ ਆਪਣੇ ਜੀਵਨ ਦੀ ਸਾਥਣ ਬਣਾ ਕੇ ਇਕ ਨਵੇਂ ਸੰਸਾਰ ਦੀ ਰਚਨਾ ਰਚਾਂਗਾ, ਪਰ ਕਈਆਂ ਰੁਝੇਵਿਆਂ ਕਰਕੇ ਹਾਲੇ ਕੁਝ ਦਿਨਾਂ ਦੀ ਮੁਹਲਤ ਮੰਗਦਾ ਹਾਂ।

ਤੂੰ ਲਿਖਿਆ ਹੈ ਕਿ ਤੈਨੂੰ ਇਕ ਨਵੀਂ ਚਿੰਤਾ ਨੇ ਆ ਘੇਰਿਆ ਹੈ, ਜਿਸ ਕਰਕੇ ਤੂੰ ਗੋਤਿਆਂ ਵਿਚ ਪੈ ਗਈਂ ਹੈ। ਹੋ ਸਕਦਾ ਹੈ, ਤੇਰੀ ਚਿੰਤਾ ਦਾ ਕਾਰਨ ਸੱਚਾ ਹੋਵੇ, ਪਰ ਇਹ ਤਾਂ ਸਭ ਕੁਝ ਵਾਹਿਗੁਰੂ ਦੇ ਹੁਕਮ ਵਿਚ ਹੀ ਹੁੰਦਾ ਹੈ। ਚਿੰਤਾ ਕਰਨ ਦੀ ਲੋੜ ਨਹੀਂ। ਸਭ ਕੰਮ ਠੀਕ ਹੋ ਜਾਵੇਗਾ।

ਤੇਰੇ ਪ੍ਰੇਮ ਦਾ ਪਰਵਾਨਾ...'

ਚਿੱਠੀ ਖ਼ਤਮ ਕਰ ਕੇ ਮੈਂ ਫੇਰ ਸੁਦੈਨ ਵਲ ਤਕਿਆ। ਉਸ ਦੇ ਚਿਹਰੇ ਉਤੇ ਹੁਣ ਪਹਿਲੀ ਖੁਸ਼ੀ ਨਹੀਂ ਸੀ—ਉਹ ਗੰਭੀਰ ਸੀ। ਮੈਂ ਤੀਜੀ ਚਿੱਠੀ ਸ਼ੁਰੂ ਕੀਤੀ :—

"ਪਿਆਰੀ ਕ੍ਰਿਸ਼ਨਾ!"

ਤੇਰਾ ਖਤ ਪੁਜਾ। ਪੜ੍ਹ ਕੇ ਬੜੀ ਚਿੰਤਾ ਤੇ ਪਰੇਸ਼ਾਨੀ ਹੋਈ। ਜੋ ਕੁਝ ਤੂੰ ਲਿਖਿਆ ਹੈ, ਜੇ ਇਹ ਵਾਸਤਵ ਵਿਚ ਸੱਚ ਹੈ, ਤਾਂ ਤੇਰਾ ਇਤਨਾ ਫਿਕਰਮੰਦ ਹੋਣਾ ਸੁਭਾਵਕ ਹੀ ਹੈ। ਪਰ ਗਮਗੀਨ ਹੋਣ ਜਾਂ ਜਿਹਾ ਕਿ ਤੂੰ ਲਿਖਿਆ ਹੈ, ਡੁੱਬ ਮਰਨ ਦੀ ਲੋੜ ਨਹੀਂ।

ਕ੍ਰਿਸ਼ਨਾ! ਸੁਖ ਇਸ ਸੰਸਾਰ ਵਿਚ ਕਿਥੇ ਹੈ? ਇਹ ਤਾਂ ਦੁੱਖਾਂ ਦੀ ਖਾਨ ਹੈ। ਕਿਸੇ ਨੂੰ ਕੋਈ ਦੁੱਖ, ਕਿਸੇ ਨੂੰ ਕੋਈ। ਪਰ ਅਸਲ ਮਨੁੱਖ ਓਹੀ ਹੈ, ਜੋ ਦੁੱਖ ਵੇਲੇ ਅਡੋਲ ਰਹੇ। ਆਦਮੀ ਦੀ ਦ੍ਰਿੜ੍ਹਤਾ ਤੇ ਆਤਮ ਦਾ ਇਮ-ਤਿਹਾਨ ਹੀ ਓਦੋਂ ਹੁੰਦਾ ਹੈ ਜਦ ਉਸਤੇ ਕੋਈ ਭਾਰੀ ਦੁੱਖ ਬਿਪਤਾ ਆ ਪਵੇ।

ਤੇਰਾ ਇਹ ਲਿਖਣਾ ਕਿ ਮੇਰੇ ਪਿੱਛੇ ਤੂੰ ਸਭ, ਕੁਝ ਗੁਵਾਇਆ, ਜਿਸ ਪਿਤਾ ਨੇ ਤੈਨੂੰ ਮਾਂ ਮਹਿੱਟਰ ਨੂੰ ਲਾਡਾਂ ਨਾਲ ਪਾਲ ਕੇ ਏਡੀ ਕੀਤਾ ਸੀ, ਉਸ ਨਾਲ ਵੀ ਤੂੰ ਵਿਸਾਹ-ਘਾਤ ਕੀਤਾ, ਤੇਰਾ ਇਹ ਖ਼ਿਆਲ ਕਿਸੇ ਹੱਦ ਤਕ ਗ਼ਲਤ ਹੈ। ਕਿਉਂਕਿ ਏਧਰ ਮੈਨੂੰ ਸ਼ਾਇਦ ਤੇਰੇ ਨਾਲੋਂ ਵੀ ਕਈ ਗੁਣਾਂ ਵੱਧ ਮੁਸੀਬਤਾਂ ਉਠਾਣੀਆਂ ਪਈਆਂ ਹਨ। ਤੇਰੇ ਨਾਲ ਪ੍ਰੇਮ ਪਾ ਕੇ ਕੀ ਮੇਰੀ ਇੱਜ਼ਤ ਨੂੰ ਚਾਰ ਚੰਨ ਲਗ ਗਏ ਹਨ? ਪਰ ਫੇਰ ਵੀ ਮੈਂ ਤੈਨੂੰ ਨਿਰਾਸ ਨਹੀਂ ਕਰਾਂਗਾ। ਇਕ ਸੱਚੇ ਪ੍ਰੇਮੀ ਵਾਂਗ ਤੇਰੇ ਨਾਲ ਨਿਭਾਵਾਂਗਾ।

ਤੇਰੀਆਂ ਕੁਝ ਚਿੱਠੀਆਂ ਦਾ ਉਤਰ ਮੈਂ ਨਹੀਂ ਦੇ ਸਕਿਆ। ਇਸ ਦਾ ਕਾਰਨ ਇਹ ਹੈ ਕਿ ਧਾਮਮਕ ਪ੍ਰਚਾਰ ਲਈ ਅਕਸਰ ਮੈਂ ਘਰੋਂ ਬਾਹਰ ਰਹਿੰਦਾ ਹਾਂ, ਜਿਸ ਲਈ ਇਹੋ ਜਿਹੇ ਛੋਟੇ-ਛੋਟੇ ਕੰਮਾਂ ਵਾਸਤੇ ਮੇਰੇ ਪਾਸ ਵਕਤ ਬਹੁਤ ਘੱਟ ਹੁੰਦਾ ਹੈ।

ਇਕ ਗੱਲ ਦੀ ਚਿਤਾਵਨੀ ਕਰਦਾ ਹਾਂ ਕਿ ਮੈਨੂੰ ਬਹੁਤੀਆਂ ਚਿੱਠੀਆਂ ਨਾ ਲਿਖਿਆ ਕਰ। ਮੈਨੂੰ ਖ਼ਤਰਾ ਰਹਿੰਦਾ ਹੈ ਕਿ ਤੇਰੀਆਂ ਚਿੱਠੀਆਂ ਮੇਰੀ ਗੈਰ-ਹਾਜ਼ਰੀ ਵਿਚ ਕਿਸੇ ਸੰਬੰਧੀ ਦੇ ਹੱਥ ਨਾ ਆ ਜਾਣ।

ਤੇਰਾ..."

ਸ਼ੁਦੈਣ ਦੀ ਗੰਭੀਰਤਾ ਹੁਣ ਨਫਰਤ ਤੇ ਗੁੱਸੇ ਵਿਚ ਬਦਲ ਰਹੀ ਸੀ।

ਉਸ ਦੇ ਅੰਗ ਥਰ ਥਰ ਕੰਬ ਰਹੇ ਸਨ, ਅੱਖਾਂ ਉਸ ਦੀਆਂ ਵਿਚੋਂ ਜਿਵੇਂ ਰੱਤ ਚੋਂ ਰਹੀ ਸੀ।

ਮੈਂ ਚੌਥੀ ਚਿੱਠੀ ਪੜ੍ਹਨੀ ਸ਼ੁਰੂ ਕੀਤੀ, ਜਿਸ ਦੀ ਤਰੀਕ ਤੀਜੀ ਚਿੱਠੀ ਨਾਲੋਂ ਚੋਖਾ ਚਿਰ ਬਾਦ ਦੀ ਸੀ। ਉਸ ਵਿਚ ਲਿਖਿਆ ਸੀ :—

"ਕ੍ਰਿਸ਼ਨਾ"

ਤੇਰੀ ਅਖ਼ਬਾਰ ਜਿੱਡੀ ਚਿੱਠੀ ਮਿਲੀ। ਸਭ ਤੋਂ ਪਹਿਲਾਂ ਮੈਂ ਤੈਨੂੰ ਦਸ ਲਵਾਂ ਕਿ ਕਈ ਮਹੀਨਿਆਂ ਦੇ ਰੁਝੇਵੇਂ ਕਰਕੇ ਤੇਰੀਆਂ ਅਨੇਕਾਂ ਚਿੱਠੀਆਂ ਦਾ ਉੱਤਰ ਨਹੀਂ ਦੇ ਸਕਿਆ। ਪਰ ਨਾਲ ਹੀ ਇਹ ਵੀ ਸੋਚਦਾ ਹਾਂ ਕਿ ਇਹੋ ਜਿਹੀਆਂ ਊਲ ਜਲੂਲ ਚਿੱਠੀਆਂ ਦਾ ਉੱਤਰ ਮੈਂ ਦੇਂਦਾ ਵੀ ਕੀ, ਜਦ ਕਿ ਉਨ੍ਹਾਂ ਵਿਚ ਮੈਨੂੰ ਕੋਸਨ ਤੇ ਗਾਲ੍ਹਾਂ ਕੱਢਣ ਤੋਂ ਛੁਟ ਹੋਰ ਕੁਝ ਹੁੰਦਾ ਹੀ ਨਹੀਂ ਸੀ।

ਕਿਤਨੇ ਅਫ਼ਸੋਸ ਦੀ ਗਲ ਹੈ ਕ੍ਰਿਸ਼ਨਾ! ਤੂੰ ਲਿਖਣ ਲਗੀ ਇਹ ਵੀ ਨਹੀਂ ਸੋਚਦੀ ਕਿ ਤੂੰ ਕਿਸ ਨੂੰ ਲਿਖ ਰਹੀ ਹੈਂ। ਜਿਸ ਆਦਮੀ ਨੇ ਤੇਰੇ ਸੈਂਕੜੇ ਭੈਣਾਂ ਭਰਾਵਾਂ ਨੂੰ ਪਸ਼ੂ ਤੋਂ ਆਦਮੀ ਬਣਾਇਆ, ਜਿਸ ਦੀ ਕਿਰਪਾ ਨਾਲ ਤੂੰ ਅਜ ਲਿਖਣ ਪੜ੍ਹਨ ਦੇ ਲਾਇਕ ਹੋਈ ਹੈਂ, ਤੇ ਜਿਸ ਦੀਆਂ ਕਠਨ ਕੁਰਬਾਨੀਆਂ ਦਾ ਸਦਕਾ ਤੁਸੀਂ ਲੋਕ, ਜ਼ਾਤ-ਅਭਿਮਾਨੀਆਂ ਪਾਸੋਂ ਆਪਣੇ ਹੱਕ ਮੰਗਣ ਜੋਗੇ ਹੋਏ ਹੋ, ਉਸੇ ਨੂੰ ਤੂੰ ਲਿਖਦੀ ਹੈਂ—ਪੱਥਰ-ਦਿਲ, ਪ੍ਰੇਮ ਹੀਣ ਤੇ ਖ਼ੁਦਗਰਜ਼ ਆਦ! ਅਫਸੋਸ ਕ੍ਰਿਸ਼ਨਾ, ਤੇਰੀ ਅਕਲ ਉਤੇ ਹਜ਼ਾਰ ਵਾਰੀ ਅਫਸੋਸ!

ਤੈਨੂੰ ਕਿਸੇ ਝੂਠਾ ਸ਼ੱਕ ਪਾਇਆ ਹੈ ਕਿ ਮੈਂ ਵਿਆਹਿਆ ਹੋਇਆ ਹਾਂ ਪਰ ਜੇ ਇਹ ਮੰਨ ਵੀ ਲਿਆ ਜਾਵੇਂ ਤਾਂ ਇਸ ਨਾਲ ਤੈਨੂੰ ਕੀ ਗ਼ਰਜ਼? ਕੀ ਲੋਕੀ ਦੋ ਦੋ ਤਿੰਨ ਤਿੰਨ ਵਿਆਹ ਨਹੀਂ ਕਰਾਂਦੇ ਹੁੰਦੇ।

ਤੂੰ ਲਿਖਦੀ ਹੈਂ ਕਿ ਤੈਨੂੰ ਸੁੱਕੇ ਗਿਆਨ ਸੁਣਨ ਦੀ ਲੋੜ ਨਹੀਂ ਕੀ ਮਰੇ ਗਿਆਨ ਤੂੰ ਵੇਹਲੀ ਬਕ ਬਕ ਹੀ ਸਮਝਦੀ ਹੈਂ?

ਤੈਨੂੰ ਪਤਾ ਹੋਣਾ ਚਾਹੀਦਾ ਹੈ ਕ੍ਰਿਸ਼ਨਾ! ਕਿ ਤੇਰੀ ਮੌਜੂਦਾ ਹਾਲਤ

ਦਾ ਮੈਨੂੰ ਤੇਰੇ ਨਾਲੋਂ ਕਈ ਗੁਣਾਂ ਜ਼ਿਆਦਾ ਫਿਕਰ ਹੈ। ਪਰ ਤੇਰੇ ਤੇ ਮੇਰੇ ਵਿਚ ਫਰਕ ਕੇਵਲ ਏਨਾ ਹੈ ਕਿ ਤੂੰ ਅਗਿਆਨ ਦੇ ਵਸ ਹੋ ਕੇ ਦੁਖ ਨੂੰ ਦੁਖ ਮੰਨਦੀ ਹੈ, ਪਰ ਮੈਂ ਦੁਖ ਨੂੰ ਦੁਖ ਕਰਕੇ ਨਹੀਂ ਮੰਨਦਾ।

ਆਤਮ ਘਾਤ ? ਕੀ ਤੈਨੂੰ ਪਤਾ ਨਹੀਂ ਆਤਮ ਘਾਤੀ ਬਾਬਤ ਗੁਰੂ-ਘਰ ਵਿਚ ਕੀ ਹੁਕਮ ਹੈ ?—"ਆਤਮ ਘਾਤੀ ਮਹਾਂ ਕਸਾਈ।"

ਸੋ ਮੈਂ ਤੈਨੂੰ ਚਿਤਾਵਨੀ ਕਰਾਂਦਾ ਹਾਂ ਕਿ ਇਹ ਪਾਪ ਭੁਲ ਕੇ ਵੀ ਨਾ ਕਰੀ। ਤੈਨੂੰ ਗੁਰੂ ਘਰ ਦੀ ਏਨੀ ਸਿਖਿਆ ਪ੍ਰਾਪਤ ਹੋਈ ਹੈ, ਪਰ ਅਜੇ ਤਕ ਤੂੰ ਗੁਰਮਤ ਦੇ ਅਸੂਲਾਂ ਤੋਂ ਅਣਭਿਜ ਹੈਂ!

ਇਸ ਖ਼ਤ ਦਾ ਉੱਤਰ ਉਡੀਕ ਕੇ ਤੂੰ ਮੇਰੇ ਪਾਸ ਬਿਨਾਂ ਮੇਰੀ ਮਰਜ਼ੀ ਤੇ ਬਿਨਾਂ ਆਗਿਆ ਚਲੀ ਆਵੇਂਗੀ ? ਕ੍ਰਿਸ਼ਨਾ! ਇਸ ਤਰ੍ਹਾਂ ਦੀ ਮੂਰਖਤਾ ਕਰਨ ਦਾ ਤੈਨੂੰ ਕੁਝ ਵੀ ਲਾਭ ਨਹੀਂ ਹੋਵੇਗਾ, ਕਿਉਂਕਿ ਅੱਵਲ ਤਾਂ ਤੂੰ ਮੈਨੂੰ ਲੱਭ ਹੀ ਨਹੀਂ ਸਕੇਂਗੀ—ਮੈਂ ਜਲਦੀ ਹੀ ਲੰਮੇ ਦੌਰੇ ਤੇ ਜਾਣ ਵਾਲਾ ਹਾਂ, ਪਰ ਜੇ ਲਭ ਵੀ ਪਿਆ, ਤਾਂ ਤੈਨੂੰ ਬਿਨਾਂ ਨਿਰਾਸਤਾ ਤੇ ਬੇਇਜ਼ਤੀ ਤੋਂ ਹੋਰ ਕੁਝ ਵੀ ਪ੍ਰਾਪਤ ਨਹੀਂ ਹੋਣਾ।

ਮੈਨੂੰ ਤਾਂ ਇਹੋ ਮਲੂਮ ਹੁੰਦਾ ਹੈ ਕਿ ਤੇਰੇ ਦਿਮਾਗ ਵਿਚ ਖ਼ਲਲ ਆ ਗਿਆ ਹੈ, ਨਹੀਂ ਤਾਂ ਮੇਰੀ ਘਰ ਵਾਲੀ ਨੂੰ ਚਿੱਠੀਆਂ ਲਿਖਣ ਦਾ ਭਲਾ ਤੈਨੂੰ ਕੀ ਲਾਭ ਸੀ ? ਇਸ ਦਾ ਤਾਂ ਸਾਫ਼ ਅਰਥ ਹੈ ਕਿ ਤੂੰ ਮੇਰੀ ਬੇਇਜ਼ਤੀ ਕਰਨ ਤੇ ਤੁਲ ਗਈ ਹੈਂ। ਭਲਾ ਜੇ ਮੇਰੀ ਪਤਨੀ ਨੂੰ ਤੇਰੀਆਂ ਚਿੱਠੀਆਂ ਮਿਲ ਵੀ ਗਈਆਂ ਹਨ ਤਾਂ ਉਹ ਮੇਰਾ ਕੀ ਵਿਗਾੜ ਸਕਦੀ ਹੈ ? ਕੀ ਮੈਂ ਉਸ ਤੋਂ ਡਰਨ ਵਾਲਾ ਹਾਂ ? ਇਕ ਸਚਾ ਗੁਰ-ਸਿਖ, ਇਸਤ੍ਰੀ ਛੱਡਕੇ ਸਾਰੀ ਦੁਨੀਆਂ ਤੋਂ ਵੀ ਨਹੀਂ ਡਰ ਸਕਦਾ।

ਇਹ ਤੂੰ ਠੀਕ ਲਿਖਿਆ ਹੈ ਕਿ ਜੇ ਅਸਾਂ ਛੇਤੀ ਤੋਂ ਛੇਤੀ ਵਿਆਹ ਕਰ ਕੇ ਇਸ ਗੱਲ ਉਤੇ ਪਰਦਾ ਨਾ ਪਾਇਆ ਤਾਂ ਸਾਰਾ ਭੇਦ ਖੁਲ੍ਹ ਜਾਵੇਗਾ, ਪਰ ਕੀ ਤੂੰ ਇਹ ਨਹੀਂ ਸੋਚਿਆ ਕਿ ਵਿਆਹ ਕਰਾਣ ਨਾਲ ਵੀ ਤਾਂ ਇਹ ਗਲ ਢੱਕੀ ਨਹੀਂ ਰਹੇਗੀ ?

"ਕ੍ਰਿਸ਼ਨਾ! ਮੈਂ ਤਾਂ ਬੜੇ ਖਲਜਗਣ ਵਿਚ...।"

"ਕਾੜ, ਕਾੜ, ਕਾੜ!"

ਚਿੱਠੀ ਪੜ੍ਹਦਿਆਂ ਪੜ੍ਹਦਿਆਂ ਅਚਾਨਕ ਹੀ ਇਹ ਅਵਾਜ਼ ਸੁਣਕੇ ਮੈਂ ਜਦ ਉਤਾਂਹ ਤਕਿਆ ਤਾਂ ਚਿੱਠੀ ਮੇਰੇ ਹੱਥੋਂ ਡਿਗ ਪਈ।

"ਓਹ ਮੇਰਿਆਂ ਰੱਬਾ! ਕਹਿੰਦਾ ਹੋਇਆ ਮੈਂ ਘਾਬਰ ਕੇ ਮੰਜੇ ਤੋਂ ਉਠਿਆ ਤੇ ਉਛਲ ਉਛਲ ਕੇ ਕੰਧ ਨਾਲ ਟਕਰਾਂ ਮਾਰ ਰਹੀ ਸ਼ੁਦੈਣ ਨੂੰ ਸਾਰੇ ਜ਼ੋਰ ਨਾਲ ਕਾਬੂ ਕਰਨ ਲਗਾ। ਪਰ ਫੜਦਿਆਂ ਫੜਦਿਆਂ ਹੀ ਉਸ ਨੇ ਪਾਗਲ-ਪਣੇ ਦੇ ਜੋਸ਼ ਵਿਚ ਏਨੇ ਜ਼ੋਰ ਦਾ ਦੋ ਤਿੰਨ ਵਾਰੀ ਕੰਧ ਨਾਲ ਸਿਰ ਮਾਰਿਆ ਕਿ ਉਹ ਲਹੂ ਲੁਹਾਣ ਹੋ ਗਈ।

ਭਾਵੇਂ ਮੈਂ ਉਸ ਨੂੰ ਪੂਰੇ ਜ਼ੋਰ ਨਾਲ ਫੜਿਆ, ਪਰ ਖਬਰੇ ਉਸ ਵਿਚ ਏਨੀ ਤਾਕਤ ਕਿਥੋਂ ਆ ਗਈ ਸੀ-ਇਕੋ ਛੁੰਡਾ ਮਾਰ ਕੇ ਉਸ ਨੇ ਆਪਣੇ ਆਪ ਨੂੰ ਮੈਥੋਂ ਛੁੜਾ ਲਿਆ ਤੇ ਫੇਰ ਕੰਧ ਨਾਲ ਜਾ ਟਕਰਾਈ।

ਮੈਂ ਉਸ ਨੂੰ ਫੇਰ ਫੜਿਆ, ਪਰ ਉਸ ਦਾ ਪਾਗਲ ਪੁਣਾ ਹੱਦਾਂ ਬੰਨੇ ਟਪ ਚੁਕਾ ਸੀ। ਉਹ ਲਹੂ ਨਾਲ ਪਥ ਹੋਈ ਪਈ ਸੀ, ਮੰਜੇ ਦਾ ਬਿਸਤਰਾ ਤੇ ਕੰਧ ਦਾ ਪਲਸਤਰ ਵੀ ਰੰਗਿਆ ਗਿਆ ਸੀ।

'ਹੇ ਪਰਮਾਤਮਾ! ਮੈਂ ਕਿਧਰ ਜਾਵਾਂ! ਨੇੜੇ ਤੇੜੇ ਕੋਈ ਹੈ ਨਹੀਂ ਸੀ ਨਾ ਹੀ ਉਸ ਨੂੰ ਛੱਡਕੇ ਬਾਹਰੋਂ ਕਿਸੇ ਨੂੰ ਬੁਲਾ ਸਕਦਾ ਸਾਂ। ਮਰੀਅਲ ਜਹੀ ਕੁੜੀ ਵਿਚ ਏਨੀ ਤਾਕਤ! ਮੈਂ ਸਾਰਾ ਜ਼ੋਰ ਲਾ ਕੇ ਉਸ ਨੂੰ ਬਾਹਾਂ ਵਿਚ ਕਾਬੂ ਕੀਤਾ ਹੋਇਆ ਸੀ, ਤੇ ਉਹ ਹੰਭਲੇ ਮਾਰ ਮਾਰ ਕੇ ਕੰਧ ਵਲ ਉੱਲਰਦੀ ਸੀ। ਨਾਲ ਹੀ ਮੇਰੇ ਮੋਢਿਆਂ ਤੇ ਹੱਥਾਂ ਉਤੇ ਉਸ ਨੇ ਚਕ ਵੱਢਣੇ ਸ਼ੁਰੂ ਕਰ ਦਿੱਤੇ। ਉਸ ਦਾ ਸਾਹ ਧੌਂਕਣੀ ਵਾਂਗ ਚਲ ਰਿਹਾ ਸੀ।

ਚੰਗੇ ਜਾਂ ਭੈੜੇ ਕਰਮਾਂ ਨੂੰ ਇਸੇ ਵੇਲੇ ਅਚਾਨਕ ਕਿਸੇ ਦੇ ਪੌੜੀਆਂ ਚੜ੍ਹਨ ਦੀ ਅਵਾਜ਼ ਸੁਣਾਈ ਦਿਤੀ। ਮੈਂ ਘਬਰਾ ਕੇ ਅਵਾਜ਼ ਦਿਤੀ—"ਆਉਣਾ ਕੋਈ! ਰੱਬ ਦੇ ਵਾਸਤੇ ਛੇਤੀ! ਹਨੇਰ ਹੋ ਗਿਆ! ਛੇਤੀ...!"

ਗੱਲ ਮੇਰੇ ਮੂੰਹ ਵਿਚ ਹੀ ਸੀ ਇਕ ਉੱਚਾ ਲੰਮਾ ਪਰਛਾਵਾਂ ਅੰਦਰ

ਦਾਖਲ ਹੋਇਆ ਤੇ ਉਸ ਤੋਂ ਬਾਦ ਹੱਥ ਵਿਚ ਸੂਟਕੇਸ ਲਟਕਾਈ ਮੇਰੇ ਪੂਜਨੀਕ ਗਿਆਨੀ ਜੀ !

"ਗਿਆਨੀ ਜੀ ! ਬਚਾਓ ! ਬਚਾਓ !" ਮੈਂ ਉਨ੍ਹਾਂ ਨੂੰ ਤਕ ਕੇ ਪੁਕਾਰਿਆ । ਤੇ ਉਹ ਝਟ ਪਟ ਅਸਾਂ ਦੂਹਾਂ ਕੋਲ ਆ ਪਹੁੰਚੇ ।

ਮੈਨੂੰ ਨਹੀਂ ਪਤਾ ਜੁ ਦੂਹਾਂ ਵਿਚੋਂ ਕਿਸ ਉਤੇ ਗਿਆਨੀ ਜੀ ਦੀ ਨਜ਼ਰ ਪਹਿਲੀ ਪਈ—ਖਿਲਰੀਆਂ ਹੋਈਆਂ ਚਿੱਠੀਆਂ ਉਤੇ ਜਾਂ ਉਸ ਸ਼ੁਦੈਣ ਉਤੇ, ਪਰ ਮੈਂ ਵੇਖਿਆ, ਉਹ ਮੈਨੂੰ ਬਚਾਂਦੇ ਬਚਾਂਦੇ, ਆਪ ਵੀ ਫੜੇ ਗਏ। ਜਿਉਂ ਹੀ ਉਨ੍ਹਾਂ ਦੀ ਨਜ਼ਰ ਫੱਟੜ ਸ਼ੁਦੈਣ ਉਤੇ ਪਈ, ਉਹ ਤ੍ਰਬਕ ਕੇ ਪਿੱਛੇ ਹਟ ਗਏ, ਪਰ ਉਸ ਕਮਬਖ਼ਤ ਕੁੜੀ ਨੇ ਉਨ੍ਹਾਂ ਨੂੰ ਦੋ ਕਦਮ ਵੀ ਨਾ ਜਾਣ ਦਿੱਤਾ।

ਵੇਖਦਿਆਂ ਹੀ ਵੇਖਦਿਆਂ ਉਹ ਮੇਰੇ ਕਾਬੂ ਵਿਚੋਂ ਨਿਕਲ ਕੇ ਉਨ੍ਹਾਂ ਉਤੇ ਇੰਜ ਟੁੱਟ ਪਈ, ਜਿਵੇਂ ਫੱਟੜ ਸ਼ੇਰਨੀ ਸ਼ਿਕਾਰੀ ਉਤੇ।

ਬੇ-ਰਹਿਮ ਸ਼ੁਦੈਣ ਨੇ ਉਛਲ ਕੇ ਗਿਆਨੀ ਜੀ ਨੂੰ ਗਲੋਂ ਜਾ ਫੜਿਆ ਤੇ ਇਸ ਜ਼ੋਰ ਨਾਲ ਝੰਜੋੜਨ ਲੱਗੀ, ਜਿਵੇਂ ਪਲ ਵਿਚ ਖ਼ਤਮ ਕਰ ਸੁਟੇਗੀ। ਨਾਲ ਹੀ ਉਹ ਇਸ ਤਰ੍ਹਾਂ ਚਿਲਾਣ ਲੱਗੀ "ਇਹੋ ਜੇ—ਇਹੋ ਜੇ ਮੇਰਾ ਖ਼ੂਨੀ...ਮੇਰੀ ਇੱਜ਼ਤ ਦਾ ਡਾਕੂ...ਇਹੋ ਜੇ.. ਆ...ਹਾ...ਹਾ...ਹਾ..." ਤੇ ਉਹ ਬੇ-ਹਰਕਤ ਹੋ ਗਈ ਤੇ ਫਰਸ਼ ਉਤੇ ਦਾੜ ਕਰ ਕੇ ਡਿਗ ਪਈ।

ਮੈਥੋਂ ਆਪਣੇ ਬਜ਼ੁਰਗ ਗਿਆਨੀ ਜੀ ਦੀ ਹਾਲਤ ਵੇਖੀ ਨਾ ਗਈ; ਪਰ ਗਿਆਨੀ ਜੀ ਟੱਸ ਤੋਂ ਮੱਸ ਨਾ ਹੋਏ। ਉਹ ਅੱਖਾਂ ਨੀਵੀਆਂ ਪਾਈ ਬੁਤ ਬਣੇ ਖੜੋਤੇ ਸਨ। ਉਨ੍ਹਾਂ ਦੇ ਕਪੜੇ ਲੀਰੋ ਲੀਰ, ਪਿੰਡਾ ਵਲੂੰਧਰਿਆ ਹੋਇਆ ਅਤੇ ਚਿਹਰੇ ਉਤੇ ਮਰਦੇਹਾਨੀ ਛਾਈ ਹੋਈ ਸੀ।

ਜਾਂ ਮੈਂ ਸ਼ਦੈਣ ਦੇ ਸਰੀਰ ਨੂੰ ਹੱਥ ਲਾਇਆ, ਤਾਂ ਡਰ ਨਾਲ ਮੈਂ ਕੰਬ ਉਠਿਆ। ਉਸ ਦੀਆਂ ਅੱਖਾਂ ਪੱਥਰਾ ਚੁਕੀਆਂ ਸਨ ਤੇ ਇਕ ਦੋ ਹਟਕੋਰੇ ਲੈਣ ਤੋਂ ਬਾਦ ਉਹ ਤਖ਼ਤੇ ਦਾ ਤਖਤਾ ਹੋ ਗਈ।

ਮੈਂ ਪੁਕਾਰਿਆ—"ਵੇਖਣਾ ਗਿਆਨੀ ਜੀ! ਇਸ ਨੂੰ ਕੀ ਹੋ ਗਿਆ?" ਪਰ ਉਹ ਨਾ ਬੋਲੇ ਤੇ ਨਾ ਹੀ ਤੱਕੇ। ਉਹ ਕੰਬ ਰਹੇ ਸਨ।

ਸ਼ੁਦੈਣ ਦੇ ਅੰਤਮ ਵਾਕ ਅਜੇ ਤਕ ਮੇਰੇ ਕੰਨਾਂ ਵਿਚ ਗੂੰਜ ਰਹੇ ਸਨ।

ਇਸ ਵੇਲੇ ਬੀਬੀ ਜੀ ਦੇ ਘਰੋਂ ਮਹਿੰਦਰਾਂ ਭੱਜੀ ਭੱਜੀ ਆਈ, ਤੇ ਕਾਹਲੀ ਕਾਹਲੀ ਬੋਲੀ—'ਬਾਊ ਜੀ! ਛੇਤੀ ਚਲੋ, ਬੀਬੀ ਹੋਰੀਂ...।"

ਮੈਂ ਕਾਹਲੀ ਨਾਲ ਉਸ ਤੋਂ ਪੁਛਿਆ—"ਕਿਉਂ, ਕੀ ਗੱਲ ਏ?"

ਮਹਿੰਦਰਾਂ ਨੇ ਕੋਈ ਉੱਤਰ ਨਾ ਦਿੱਤਾ, ਪਰ ਉਸ ਦੀਆਂ ਅੱਖਾਂ ਵਿਚ ਡਲ੍ਹਕਦੇ ਹੰਝੂਆਂ ਨੇ ਮੈਨੂੰ ਸਭ ਕੁਝ ਦੱਸ ਦਿੱਤਾ।

ਗਿਆਨੀ ਹੋਰੀਂ ਵਾਹੋ ਦਾਹੀ ਘਰ ਵੱਲ ਨੱਸੇ। ਉਹ ਸ਼ਾਇਦ ਅਜੇ ਤੀਕ ਘਰ ਨਹੀਂ ਸਨ ਗਏ—ਸਿੱਧੇ ਮੇਰੇ ਹੀ ਘਰ ਆਏ ਸਨ। ਮੇਰੇ ਘਰ ਅੱਗੋਂ ਦੀ ਲੰਘ ਕੇ ਹੀ ਤਾਂ ਉਨ੍ਹਾਂ ਨੂੰ ਆਪਣੇ ਘਰ ਜਾਣਾ ਪੈਂਦਾ ਸੀ।

ਮੇਰੇ ਦਿਮਾਗ਼ ਵਿਚ ਕਈ ਕਿਸਮ ਦੇ ਖ਼ਿਆਲਾਂ ਦਾ ਝੱਖੜ ਝੁੱਲ ਰਿਹਾ ਸੀ। ਮੈਨੂੰ ਪਤਾ ਨਹੀਂ ਸੀ ਲਗਦਾ ਕੀ ਕਰਾਂ?

ਸ਼ੁਦੈਣ ਦੀਆਂ ਚਿੱਠੀਆਂ ਏਧਰ ਉਧਰ ਖਿਲਰੀਆਂ ਪਈਆਂ ਸਨ, ਕਈਆਂ ਉਤੇ ਲਹੂ ਦੇ ਛਿੱਟੇ ਪਏ ਹੋਏ ਸਨ।

ਮੈਂ ਝਟ ਪਟ ਜੇਬ ਵਿਚੋਂ ਲਫ਼ਾਫ਼ਾ ਕਢਿਆ, ਜਿਹੜਾ ਅੱਜ ਗਿਆਨੀ ਜੀ ਵੱਲੋਂ ਮੈਨੂੰ ਪੁਜਾ ਸੀ।

ਚਿੱਠੀ ਦੇ ਅੱਖਰ ਸ਼ੁਦੈਣ ਵਾਲੀਆਂ ਚਿੱਠੀਆਂ ਨਾਲ ਹੂ-ਬ-ਹੂ ਮਿਲਦੇ ਸਨ ਰਵਾਲ ਵੀ ਫ਼ਰਕ ਨਹੀਂ ਸੀ।

ਇਕ ਨਵੀਂ ਤੇ ਅਨਹੋਣੀ ਸ਼ੰਕਾ ਮੇਰੇ ਦਿਲ ਨੂੰ ਟੁੰਬਣ ਲੱਗੀ, ਪਰ ਮੇਰਾ ਦਿਲ ਅਜੇ ਵੀ ਉਸ ਨੂੰ ਕਬੂਲਣੋਂ ਅਸਮਰੱਥ ਸੀ। ਮੁੜ ਮੁੜ ਮੇਰੇ ਅੰਦਰੋਂ ਇਕ ਪ੍ਰਸ਼ਨ ਉਠਦਾ—"ਕੀ ਪਾਣੀ ਪੁਣ ਕੇ ਪੀਣ ਵਾਲੇ, ਲਹੂ ਅਣਪੁਣਿਆ ਹੀ ਪੀ ਜਾਂਦੇ ਹਨ?

# ਹਨੇਰਾ ਚੰਨ

ਵੀਹਾਂ ਵਰ੍ਹਿਆਂ ਦਾ ਜੁਗ ਜਿੱਡਾ ਸਮਾਂ ਲੰਘ ਗਿਆ। ਜ਼ਮਾਨੇ ਨੇ ਕਈ ਰੰਗ ਵਟਾਏ। ਬਾਲ, ਗਭਰੂ ਹੋ ਕੇ ਵਿਆਹੇ ਗਏ, ਤੇ ਜਵਾਨ, ਬੁੱਢੇ ਹੋ ਕੇ ਪੁੱਤਰਾਂ ਪੋਤਰਿਆਂ ਵਾਲੇ ਹੋ ਗਏ। ਉਜਾੜ ਥਾਵਾਂ ਤੇ ਵਸੋਂ ਹੋ ਗਈ, ਤੇ ਘੁਗ ਵਸਦੇ ਥਾਂ ਖੋਲੇ ਬਣ ਗਏ। ਪਰ ਰੱਬ ਦੀ ਇਸ ਸਾਰੀ ਰਚਨਾ ਵਿਚ ਇਕੋ ਚੀਜ਼ ਅਜਿਹੀ ਸੀ ਜਿਸ ਵਿਚ ਕੱਦ ਬੁਤ ਤੋਂ ਛੁਟ ਕੋਈ ਅਦਲਾ ਬਦਲੀ ਨਹੀਂ ਸੀ ਹੋਈ। ਅੱਖਾਂ ਵਰਗੀ ਅਮੋਲਕ ਦਾਤ ਤੋਂ ਵਾਂਜਿਆਂ ਹੋਇਆ ਇਕ ਗਭਰੂ। ਉਸ ਲਈ ਇਹ ਦੁਨੀਆਂ ਜਿਹੋ ਜਿਹੀ ਅੱਜ ਤੋਂ ਵੀਹ ਵਰ੍ਹੇ ਪਹਿਲਾਂ ਸੀ—ਜਦੋ ਉਹ ਮਸੇਂ ਰਿੜ੍ਹਨ ਜੋਗਾ ਸੀ, ਉਹ ਜਿਹੀ ਅੱਜ ਹੈ। ਇਹ ਦਿਸਦਾ ਸੰਸਾਰ ਉਸ ਦੇ ਭਾਣੇ ਕੁਝ ਵੀ ਨਹੀਂ ਕੇਵਲ ਕਲਪਣਾ ਮਾਤਰ। ਉਸ ਦੀ ਦੁਨੀਆਂ ਵਖਰੀ ਤੇ ਸੰਖੇਪ ਜਿਹੀ ਸੀ, ਤੇ ਇਹ ਸੀ ਇਕ ਮਾਤਰ ਉਸ ਦੀ ਬੁੱਢੀ ਮਾਂ। ਉਸ ਨੂੰ ਏਨਾ ਹੀ ਪਤਾ ਸੀ ਕਿ ਉਹ ਮਾਂ ਲਈ ਹੈ, ਤੇ ਮਾਂ ਉਸ ਲਈ।

ਵੇਖਣ ਨੂੰ ਤਾਂ 'ਚੰਦਨ ਭਾਨ' ਗਭਰੂ ਹੋ ਚੁੱਕਾ ਸੀ, ਪਰ ਆਪਣੇ ਆਪ ਵਿਚ ਉਸ ਨੂੰ ਇਹੋ ਜਾਪਦਾ ਸੀ ਕਿ ਉਹ ਅੱਜ ਵੀ ਬਾਲ ਹੈ। ਸੰਸਾਰ ਨਾਂ ਦੀ ਚੀਜ਼ ਉਸ ਦੇ ਭਾਣੇ ਸਦਾ ਤੋਂ ਇਕ ਅਜੇਹੀ ਬੁਝਾਰਤ ਸੀ, ਜਿਸ ਨੂੰ ਇਹ ਕਦੇ ਵੀ ਬੁਝ ਨਹੀਂ ਸਕਿਆ।

ਉਸ ਦੇ ਸੀਨੇ ਵਿਚ ਵੀ ਹੋਰ ਲੋਕਾਂ ਵਰਗਾਂ ਦਿਲ ਸੀ, ਤੇ ਉਸ ਦਿਲ ਵਿਚ ਭਾਵ ਵੀ ਸਨ, ਪਰ ਇਤਨੇ ਹਨੇਰੇ ਕਿ ਜਿਨ੍ਹਾਂ ਦੀ ਹੋਂਦ ਉਸ ਨੂੰ ਬਹੁਤ ਘੱਟ ਅਨੁਭਵ ਹੁੰਦੀ ਸੀ। ਉਸ ਦੇ ਮਨੋਂ ਭਾਵਾਂ ਦਾ ਕੋਈ ਕੇਂਦਰ ਨਹੀਂ ਸੀ। ਕੋਈ ਵਲਵਲਾ, ਕੋਈ ਉਮੰਗ ਜਾਂ ਕੋਈ ਸੱਧਰ ਉਸ ਦੇ ਹਿਰਦੇ

ਨੂੰ ਕਦੀ ਵੀ ਉੱਥਲ ਪੁੱਥਲ ਨਹੀਂ ਸੀ ਕਰਦੀ। ਇਹੋ ਕਾਰਨ ਹੈ ਕਿ ਉਹ ਜੋ ਕੁਝ ਅੱਜ ਤੋਂ ਵੀਹ ਵਰ੍ਹੇ ਪਹਿਲਾਂ ਸੀ ਸੋਈ ਕੁੱਝ ਅੱਜ ਹੈ।

ਉਸ ਨੂੰ ਇਸ ਗੱਲ ਦਾ ਆਪਣੀ ਹੋਂਦ ਵਾਂਗ ਨਿਸਚਾ ਸੀ ਕਿ ਸੰਸਾਰ ਦੇ ਦੁੱਖ ਮਾਣਨ ਲਈ, ਵਿਆਹ ਕਰਾਉਣ ਤੇ ਧੀਆਂ ਪੁੱਤਰਾਂ ਨਾਲ ਲਾਡ ਪਿਆਰ ਕਰਨ, ਅਥਵਾ ਚੰਗਾ ਖਾਣ ਹੰਢਾਣ ਲਈ ਜਿਹੜੇ ਲੋਕੀਂ ਬਣਾਏ ਗਏ ਹਨ, ਉਹ ਉਨ੍ਹਾਂ ਵਿਚੋਂ ਨਹੀਂ। ਰੱਬ ਨੇ ਉਸ ਨੂੰ ਇਸੇ ਲਈ ਪੈਦਾ ਕੀਤਾ ਹੈ ਕਿ ਡਿੱਗਦੇ ਥੰਮ੍ਹ ਵਾਂਗ ਡੋਲ੍ਹਦਾ ਭਟਕਦਾ ਫਿਰੇ।

ਪੰਜਾਹ ਵਰ੍ਹਿਆਂ ਦੀ ਉਮਰੇ ਜਦੋਂ ਮਾਈ ਮੰਗਲਾਂ ਦੇ ਬੁਢੇਪੇ ਨੂੰ ਕਿਸੇ ਠੁਮ੍ਹਣੇ ਦੀ ਲੋੜ ਸੀ—ਉਹ ਆਪ ਹੀ ਕਿਸੇ ਦੀ ਡੰਗੋਰੀ ਬਣੀ ਹੋਈ ਸੀ। ਅੱਖਾਂ ਭਾਵੇਂ ਦਿਨੋਂ ਦਿਨ ਉਸ ਦਾ ਸਾਥ ਛੱਡਦੀਆਂ ਜਾ ਰਹੀਆਂ ਸਨ, ਪਰ ਪੁੱਤਰ ਦੀਆਂ ਬੇਨੂਰ ਅੱਖਾਂ ਉਸ ਲਈ ਚਾਨਣ ਕਰਦੀਆਂ ਸਨ। ਉਸ ਦੇ ਸੁੱਕੇ, ਤੇ ਝੁਰੜੀਆਂ ਭਰੇ ਹੱਥ ਹੁਣ ਕੰਬਣ ਲੱਗ ਪਏ ਸਨ, ਪਰ ਉਹ ਜਦ ਆਪਣੇ ਅੰਨ੍ਹੇ ਪੁੱਤਰ ਦੀ ਪਿੱਠ ਤੇ ਫਿਰਦੇ ਹੋਏ ਰੀੜ੍ਹ ਦੀ ਹੱਡੀ ਨਾਲ ਰਗੜ ਖਾਂਦੇ, ਤਾਂ ਉਨ੍ਹਾਂ ਵਿਚ ਨਵਾਂ ਬਲ ਤੇ ਤਾਜ਼ਗੀ ਆ ਜਾਂਦੀ। ਉਸ ਦੀ ਸਲ੍ਹਾਬੇ ਭਰੀ ਕੋਠੜੀ ਵਿਚ ਭਾਵੇਂ ਚੱਪੇ ਚੱਪੇ ਉਤੇ ਗ਼ਰੀਬੀ ਤੇ ਹਨੇਰੇ ਦਾ ਰਾਜ ਸੀ, ਪਰ ਇਕ ਬੇਚਮਕ ਹੀਰੇ ਨੇ ਉਸ ਨੂੰ ਜਗਮਗਾਇਆ ਹੋਇਆ ਹੈ, ਬੁੱਢੀ ਨੂੰ ਇਵੇਂ ਜਾਪਦਾ ਸੀ।

ਮੰਗਲਾਂ ਨੂੰ ਵੀਹ ਵਰ੍ਹੇ ਪਹਿਲਾਂ ਦਾ ਉਹ ਸਮਾਂ ਕਲ੍ਹ ਵਾਂਗ ਯਾਦ ਸੀ, ਜਦੋਂ ਉਸ ਦਾ 'ਚੰਦਰ ਭਾਨ' ਹੋਰ ਬਾਲਾਂ ਵਾਂਗ ਬਾਲ ਸੀ। ਲੋਕਾਂ ਭਾਣੇ ਇਹ ਹੱਡ ਮਾਸ ਦਾ ਲੋਥੜਾ ਇਕ ਨਿਕੰਮੀ ਜਿਹੀ ਚੀਜ਼ ਸੀ, ਪਰ ਮੰਗਲਾਂ ਲਈ ਉਤੇ ਰੱਬ ਤੇ ਥੱਲੇ ਇਹ ਸੀ। ਸ਼ਾਇਦ ਆਪਣੇ ਸੁਰਗਵਾਸੀ ਪਤੀ ਦੀ ਅੰਤਮ ਨਿਸ਼ਾਨੀ ਹੋਣ ਕਰਕੇ। ਉਂਜ ਤਾਂ ਹਰ ਬੱਚੇ ਨੂੰ ਅੱਧੇ ਨਾਂ ਨਾਲ ਬੁਲਾਏ ਜਾਣ ਦਾ ਸਾਡੇ ਦੇਸ਼ ਵਿਚ ਰਿਵਾਜ਼ ਹੈ, ਪਰ ਮਾਈ ਮੰਗਲਾਂ ਨਹੀਂ ਸੀ ਸਹਾਰ ਸਕਦੀ ਕਿ ਉਸ ਦੇ ਚੰਦਰ ਭਾਨ' ਨੂੰ ਲੋਕੀਂ ਚੰਦਰਾਂ' ਕਹਿ ਕੇ ਬੁਲਾਣ। ਇਸੇ ਗੱਲੋਂ ਉਸ ਦੀ ਰੋਜ਼ ਕਿਸੇ ਨਾ ਕਿਸੇ ਨਾਲ ਲੜਾਈ ਹੁੰਦੀ ਸੀ। ਭਾਵੇਂ ਉਹ ਆਪ ਵੀ ਉਸ ਨੂੰ ਸੰਖੇਪ ਨਾਂ ਨਾਲ ਹੀ ਬੁਲਾਂਦੀ ਸੀ, ਪਰ ਇਸ

ਵਿਚ ਤੇ ਲੋਕਾਂ ਦੇ ਬੁਲਾਏ ਹੋਏ ਨਾਂ ਵਿਚ ਫ਼ਰਕ ਸੀ। ਉਹ ਉਸ ਨੂੰ 'ਚੰਨ' ਕਰ ਕੇ ਸਦਦੀ ਸੀ।

ਉਸ ਨੂੰ ਉਹ ਦਿਨ ਵੀ ਯਾਦ ਸਨ ਜਦ ਉਸ ਦਾ ਢਾਈਆਂ ਵਰ੍ਹਿਆਂ ਦਾ ਚੰਨ, ਦੂਸਰੇ ਬਾਲਾਂ ਨਾਲ ਖੇਡਦਾ ਹੁੰਦਾ ਸੀ। ਹੋਰ ਬੱਚੇ ਗਲੀ ਵਿਚ ਨੱਸਦੇ ਤੇ ਖਰੂਦ ਕਰਦੇ ਹੁੰਦੇ ਸਨ, ਪਰ ਉਸ ਦਾ 'ਚੰਨ' ਮਿੱਟੀ ਦੇ ਬੁਤ ਵਾਂਗ ਉਨ੍ਹਾਂ ਵਿਚਾਲੇ ਬੈਠਾ ਆਪਣੀਆਂ ਅੱਖਾਂ ਦੇ ਨਿਰਜੋਤ ਡੇਲਿਆਂ ਨੂੰ ਮੁੰਡਿਆਂ ਦੀ ਆਵਾਜ਼ ਦੇ ਮਗਰ ਮਗਰ ਫੇਰਦਾ ਹੋਇਆ ਖੇਡ ਦਾ ਆਨੰਦ ਲੈਂਦਾ ਰਹਿੰਦਾ ਸੀ।

ਕਦੇ ਕਦੇ ਜਦ ਕਿਸੇ ਮੁੰਡੇ ਦੇ ਪੈਰ ਨੂੰ ਚੰਦਰ ਭਾਨ ਦੀ ਠੋਕਰ ਵੱਜ ਜਾਂਦੀ ਸੀ, ਤਾਂ ਉਹ ਇਸ ਗੱਲ ਦਾ ਖ਼ਿਆਲ ਕੀਤਿਆਂ ਕੀ ਚੀਜ਼ ਵੱਜੀ ਹੈ। ਖੇਡਣ ਵਿਚ ਮਸਤ, ਚੰਦਰ ਭਾਨ ਵੀ ਬੇ-ਪਰਵਾਹੀ ਨਾਲ ਜ਼ਰਾ ਕੁ ਪਿੰਡੇ ਨੂੰ ਮਲ ਕੇ ਉਸੇ ਤਰ੍ਹਾਂ ਮਗਨ ਹੋ ਜਾਂਦਾ। ਜਦ ਕਦੇ ਉਸ ਨੂੰ ਖੇਡ ਦਾ ਬਹੁਤਾ ਸਵਾਦ ਆਉਂਦਾ ਤਾਂ ਖ਼ੁਸ਼ੀ ਨਾਲ ਭੁੜਕਦਾ ਹੋਇਆ ਦੁਹਾਂ ਬਾਹਾਂ ਨੂੰ ਸਿਰ ਤੋਂ ਉਤਾਂਹ ਕਰ ਕੇ ਗਿੱਧਾ ਜਿਹਾ ਪਾਣ ਲੱਗ ਪੈਂਦਾ। ਪਰ ਭੋਲੀ ਮਾਂ ਉਸ ਦੀ ਖ਼ੁਸ਼ੀ ਨੂੰ ਨਹੀਂ ਸੀ ਸਮਝ ਸਕਦੀ, ਸਗੋਂ ਉਲਟਾ ਉਸ ਦੀ ਬੇਵਸੀ ਵੱਲ ਤੱਕ ਕੇ ਉਸ ਦਾ ਦਿਲ ਭਰ ਆਉਂਦਾ। ਉਹ ਆਟਾ ਗੁੰਨ੍ਹਦੀ ਗੁੰਨ੍ਹਦੀ ਭਰੇ ਹੱਥਾਂ ਨਾਲ ਹੀ ਜਾ ਕੇ ਉਸ ਨੂੰ ਚੁੱਕ ਕੇ ਸੀਨੇ ਨਾਲ ਲਾ ਲੈਂਦੀ।

ਮਾਈ ਮੰਗਲਾਂ ਦੇ ਹੱਡ ਹੁਣ ਖੋਰੇ ਹੋ ਚੁੱਕੇ ਸਨ, ਕੁਝ ਵਡੇਰੀ ਉਮਰ ਕਰਕੇ। ਕੁਝ ਸਦੀਵੀ ਗ਼ਰੀਬੀ ਕਰ ਕੇ, ਤੇ ਕੁਝ ਮਿਹਨਤ ਮਜ਼ੂਰੀ ਕਰ ਕੇ ਪਰ ਅਜੇ ਵੀ ਲੱਤਾਂ ਘਸੀਟਦੀ ਤੇ ਜਿੰਦ ਹੂਲਦੀ ਹੋਈ ਦੋਂਹ ਢਿੱਡਾਂ ਜੋਗਾ ਆਟਾ ਪੈਦਾ ਕਰ ਹੀ ਲੈਂਦੀ ਸੀ।

ਚੰਦਰ ਭਾਨ ਦੇ ਕਰਨ ਲਈ ਕੁਦਰਤ ਨੇ ਹੋਰ ਕੋਈ ਕੰਮ ਨਹੀਂ ਸੀ ਬਣਾਇਆ ਛੁਟ ਇਸ ਤੋਂ ਕਿ ਲੋਕਾਂ ਦਾ ਖਿਡਾਉਣਾ ਬਣਿਆ ਰਹੇ ਤੇ ਆਪਣੇ ਹਾਸੋ ਹੀਣੇ ਵਿਖਾਲੇ ਨਾਲ ਲੋਕਾਂ ਨੂੰ ਖ਼ੁਸ਼ ਕਰੇ।

... ... ... ...

ਸਿਆਲ ਦੀ ਰੁੱਤ ਸੀ ਤੇ ਰਾਤ ਦਾ ਵੇਲਾ। ਮੀਂਹ ਪੈ ਕੇ ਹਟਿਆ ਸੀ, ਪਰ ਬੱਦਲ ਅਜੇ ਤੱਕ ਝੁਕੇ ਹੋਏ ਸਨ। ਫੁਟੀਆਂ ਹੋਈਆਂ ਬਿਆਈਆਂ ਵਿਚ ਮੋਮ ਪਵਾ ਕੇ ਚੰਦਰ ਭਾਨ ਪੈਰਾਂ ਨੂੰ ਸੇਕ ਦੇ ਰਿਹਾ ਸੀ। ਜੁੱਤੀ ਤੋਂ ਉਸ ਦੇ ਪੈਰ ਅੱਜ ਤੀਕ ਅਣਛੁਹ ਸਨ।

ਚਲੱਕ ਚਲੱਕ ਦੀ ਆਵਾਜ਼ ਸੁਣ ਕੇ ਉਸ ਨੇ ਸਿਰ ਉਸ ਪਾਸੇ ਮੋੜਿਆ ਜਿਧਰੋਂ ਆਵਾਜ਼ ਆ ਰਹੀ ਸੀ। ਫਿਰ ਚਿਹਰੇ ਤੇ ਹੱਥਾਂ ਨੂੰ ਥੋੜ੍ਹਾ ਜਿਹਾ ਅਗਾਂਹ ਵਧਾ ਕੇ ਉਤਾਹਾਂ ਨੂੰ ਹਿਲਾਂਦਾ ਹੋਇਆ ਬੋਲਿਆ, "ਮਾਂ ਪੋਚਾ ਫੇਰਨ ਡਹੀ ਹੋਈ ਏਂ ਐਸ ਵੇਲੇ ਠੰਡ ਵਿਚ?"

ਬੁੱਢੀ ਦੀਆਂ ਵਾਛਾਂ ਦੇ ਸੁਕੜੇ ਹੋਏ ਚੰਮ ਵਿਚ ਖਿੱਚ ਜਿਹੀ ਪਈ ਤੇ ਉਹ ਰਤਾ ਕੁ ਹੱਸ ਕੇ ਬੋਲੀ, "ਨਹੀਂ ਚੰਨ, ਪੋਚਾ ਤੇ ਨਹੀਂ ਫੇਰਦੀ। ਛੱਤ ਸਾਰੀ ਦਿਹਾੜੀ ਚੋਂਦੀ ਰਹੀ ਸੀ, ਮੈਂ ਛੱਤ ਉਤੇ ਲੈਣੀ ਕਰ ਕੇ ਆਈ ਹਾਂ। ਹੁਣ ਤੇ ਚਿੱਕੜ ਵਾਲੇ ਹੱਥ ਧੋਣ ਡਹੀ ਹੋਈ ਆਂ।"

ਚੰਦਰ ਭਾਨ ਅੱਖਾਂ ਚੌੜੀਆਂ ਕਰ ਕੇ ਤੇ ਛੱਪਰਾਂ ਥੱਲੇ ਢਕੇ ਹੋਏ ਡੇਲਿਆਂ ਨੂੰ ਥਰਕਾਂਦਾ ਹੋਇਆ ਬੋਲਿਆ, "ਏਡੀ ਠੰਢ ਵਿਚ ਮਾਂ? ਅੱਗੇ ਕਹਿਣ ਡਹੀ ਹੋਈ ਏਂ ਹੱਡ ਪੈਰ ਟੁੱਟਦੇ ਨੇ।"

ਹੱਥ ਧੋਣ ਤੋਂ ਬਾਆਦ ਚੁਲ੍ਹੇ ਉਤੇ ਤਵਾ ਚੜ੍ਹਾਂਦਿਆਂ ਮੰਗਲਾਂ ਬੋਲੀ "ਕਿਉਂ ਚੰਨ! ਭੁੱਖ ਲੱਗ ਪਈ ਸੀ?"

"ਸੁਆਹ ਭੁੱਖ ਲੱਗੀ ਪਈ ਸੀ" ਕਹਿ ਕੇ, ਆਪਣੇ ਨਿੱਘੇ ਹੱਥਾਂ ਨਾਲ ਮਾਂ ਦੇ ਹੱਥਾਂ ਨੂੰ ਗਰਮ ਕਰਦਾ ਹੋਇਆ ਚੰਦਰ ਭਾਨ ਆਖਣ ਲੱਗਾ—"ਅੱਗੇ ਤੇਰਾ ਇਹ ਹਾਲ ਏ, ਤੇ ਫੇਰ ਤੂੰ ਠੰਢ ਵਿਚ ਕੋਠੇ ਤੇ ਜਾ ਚੜ੍ਹੀ। ਆਪਣੀ ਜਾਨ ਦਾ ਤਾਂ ਫ਼ਿਕਰ ਰੱਖਿਆ ਕਰ ਮਾਂ।"

ਰੋਟੀ ਵੇਲਦੀ ਹੋਈ ਮੰਗਲਾਂ ਬੋਲੀ—"ਹੁਣ ਲਾਲ! ਕਿੰਨਾ ਕੁ ਚਿਰ ਰਹਿਣੀ ਏਂ! ਮੇਰੀ ਜਾਨ। ਕੰਧੀ ਉਤੇ ਰੁੱਖੜੇ ਵਾਲਾ ਹਾਲ ਏ। ਅੱਜ ਮੋਏ ਕਲ੍ਹ ਦੂਜਾ ਦਿਹਾੜਾ।" ਕਹਿੰਦੀ ਕਹਿੰਦੀ ਮੰਗਲਾ ਰੁਕ ਗਈ। ਉਸ ਦਾ ਗਲਾ ਵੀ ਰੁਕ ਗਿਆ, ਪਤਾ ਨਹੀਂ ਕਿਸ ਖ਼ਿਆਲ ਨਾਲ।

ਰੋਟੀ ਉਸ ਨੇ ਚੰਦਰ ਭਾਨ ਦੇ ਅੱਗੇ ਰੱਖੀ। ਨਾਲ ਗੁੜ ਦੀ ਰੋੜੀ ਵੀ।

ਚੰਦਰ ਭਾਨ, ਗੁੜ ਵਾਲਾ ਹੱਥ ਮਾਂ ਵੱਲ ਕਰ ਕੇ ਬੋਲਿਆ—"ਮਾਂ; ਗੁੜ ਦੀ ਤੂੰ ਚਾਹ ਬਣਾ ਕੇ ਪੀ ਲਈ, ਤੇਰਾ ਸਰੀਰ ਤਕੜਾ ਨਹੀਂ, ਨਾਲੇ ਠੰਢ ਵਿਚ ਹੱਥ ਪੈਰ ਮਾਰਦੀ ਆਈ ਏਂ। ਮੈਂ ਰਤਾ ਕੁ ਅਚਾਰ ਕਿਸੇ ਦੇ ਘਰੋਂ... ।"

ਗੱਲ ਕਰਦਿਆਂ ਕਰਦਿਆਂ ਉਸ ਦਾ ਧਿਆਨ ਹੋਰ ਪਾਸੇ ਖਿੱਚਿਆ ਗਿਆ। ਉਸ ਦੇ ਕੰਨਾਂ ਨੂੰ, ਜਿਹੜੇ ਉਸ ਨੂੰ ਅੱਖਾਂ ਦਾ ਕੰਮ ਵੀ ਦੇਂਦੇ ਸਨ, ਸਾਫ਼ ਦਿੱਸਿਆ ਕਿ ਉਸ ਦੀ ਮਾਂ ਇਸ ਵੇਲੇ ਕੀ ਕਰ ਰਹੀ ਹੈ?

ਉਹ ਅੱਖਾਂ ਦੀਆਂ ਝਿਮਣੀਆਂ ਨੂੰ ਤੇਜ਼ੀ ਨਾਲ ਝਮਕਾਂਉਂਦਾ ਹੋਇਆ ਰਤਾ ਕੁ ਅਗਾਂਹ ਝੁਕ ਗਿਆ। ਸੱਜੇ ਹੱਥ ਨਾਲ ਉਸ ਨੇ ਮਾਂ ਦਾ ਮੋਢਾ ਟੋਹਿਆ ਤੇ ਫਿਰ ਉਸ ਦੀ ਗਿੱਚੀ ਦੀਆਂ ਉਭਰੀਆਂ ਹੋਈਆਂ ਨਾੜਾਂ ਨੂੰ ਟਟੋਲਦਿਆਂ ਹੋਇਆਂ ਹੱਥ ਨੂੰ ਉਸ ਦੀਆਂ ਅੱਖਾਂ ਤੱਕ ਲੈ ਗਿਆ। ਉਸ ਦੇ ਪੋਟੇ ਗਿੱਲੇ ਹੋ ਗਏ।

ਡਡੋਲਿਕਾ ਹੋ ਕੇ ਉਸ ਪੁੱਛਿਆ, "ਮਾਂ ਤੂੰ ਰੋਣ ਡਹੀ ਹੋਈ ਏਂ?"

ਮੰਗਲਾਂ ਪਾਸੋਂ ਝੱਟ ਪਟ ਬੋਲਿਆ ਨਾ ਗਿਆ। ਫਿਰ ਸੰਭਲ ਕੇ ਤੇ ਚੰਦਰ ਭਾਨ ਦੀ ਪਿੱਠ ਤੇ ਹੱਥ ਫੇਰਦੀ ਹੋਈ ਬੋਲੀ—"ਨਹੀਂ ਲਾਲ! ਰੋਈ ਤੇ ਨਹੀਂ, ਐਵੇਂ ਖ਼ਿਆਲ ਆ ਗਿਆ ਸੀ।"

"ਕੀ ਖ਼ਿਆਲ ਮਾਂ?" ਕਹਿ ਕੇ ਉੱਤਰ ਦੀ ਉਡੀਕ ਵਿਚ ਉਹ ਭਰਵੱਟਿਆਂ ਨੂੰ ਮੱਥੇ ਵੱਲ ਤਣ ਕੇ ਤੇ ਮਾਂ ਨੂੰ ਹਲੂਣੇ ਦੇਣ ਲੱਗਾ।"

ਮਾਂ ਦਾ ਦਿਲ ਹੁਣ ਸਬਰ ਦੀ ਹੱਦ ਟੱਪ ਚੁੱਕਾ ਸੀ, ਭਾਵੇਂ ਉਹ ਆਪਣੇ ਅੱਥਰੂਆਂ ਦੇ ਹੜ੍ਹ ਵਿਚ ਪੁੱਤਰ ਦੇ ਦਿਲ ਨੂੰ ਰੋੜ੍ਹਨਾ ਨਹੀਂ ਸੀ ਚਾਹੁੰਦੀ, ਪਰ ਅੱਜ ਸਭ ਕੁਝ ਉਸ ਦੇ ਵੱਸੋਂ ਬਾਹਰ ਹੋ ਗਿਆ।

ਗਰਮ ਪਾਣੀ ਦੇ ਉਮਡਦੇ ਆ ਰਹੇ ਸੋਮਿਆਂ ਨੂੰ ਰੋਕਣ ਦਾ ਵਿਅਰਥ ਜਤਨ ਕਰਦੀ ਹੋਈ ਉਹ ਬੋਲੀ—"ਪੁੱਤਰ! ਏਸ ਗੱਲ ਦੀ ਚਿੰਤਾ ਵਿਚ ਡੁੱਬੀ ਰਹਿੰਦੀ ਹਾਂ ਕਿ ਮੇਰੇ ਪਿੱਛੋਂ ਤੇਰਾ ਕੀ ਬਣੇਗਾ, ਕੋਣ ਤੇਰੀ ਖ਼ਬਰ ਸੁਰਤ

ਲਵੇਗਾ? ਮੈਂ ਕਰਮਾ-ਸੜੀ ਨੇ ਤੇਰਾ ਕੁਝ ਵੀ ਨਾ ਬਣਾਇਆ। ਲੋਕਾਂ ਦੇ ਪੁੱਤਰ ਦੁੱਧੀ ਨ੍ਹਾਂਦੇ ਮੱਖਣੀਂ ਪਲਦੇ ਨੇ, ਪਰ ਤੈਨੂੰ ਮੈਂ ਸੁੱਕੀਆਂ ਰੋਟੀਆਂ...। ਖ਼ਬਰੇ ਇਹ ਸੁੱਕੀਆਂ ਵੀ ਤੈਨੂੰ ਮਿਲਣੀਆਂ ਨੇ ਕਿ ਨਾ! ਕਿੰਨ੍ਹੇ ਖਵਾਣੀਆਂ ਨੇ ਪਕਾ ਕੇ! ਖਬਰੇ ਕਿਥੇ ਰੁਲੇਂਗਾ!"

ਮਾਂ ਦੀਆਂ ਗੱਲਾਂ ਸੁਣ ਕੇ ਚੰਦਰ ਭਾਨ ਦਾ ਦਿਲ ਬੇ-ਕਾਬੂ ਹੋ ਉਠਿਆ। ਉਸ ਨੂੰ ਅੱਜ ਪਹਿਲੀ ਵੇਰਾਂ ਪਤਾ ਲੱਗਾ ਕਿ ਇਸ ਹਨੇਰੇ ਸੰਸਾਰ ਦੇ ਪਿੱਛੇ ਪਿੱਛੇ ਉਸ ਲਈ ਇਕ ਡਰਾਉਣਾ ਸੰਸਾਰ ਵੀ ਆ ਰਿਹਾ ਹੈ, ਕਦੇ ਉਹ ਮਾਂ ਤੋਂ ਬਿਨਾਂ ਵੀ ਦੁਨੀਆ ਵਿਚ ਹੋਵੇਗਾ। ਉਸ ਨੇ ਆਪਣੀ ਹੀਣੀ ਹਾਲਤ ਨੂੰ ਅੱਜ ਪਹਿਲੀ ਵੇਰਾਂ ਅਨੁਭਵ ਕੀਤਾ। ਰੋਟੀ ਉਸ ਦੇ ਸੰਘੋਂ ਨਹੀਂ ਸੀ ਲੰਘ ਰਹੀ।

... ... ... ...

ਮੀਂਹ ਜ਼ੋਰ ਦੀ ਪੈ ਰਿਹਾ ਸੀ। ਕੁਝ ਠੰਢ ਨਾਲ ਤੇ ਕੁਝ ਮਾਂ ਦੀਆਂ ਗੱਲਾਂ ਨੂੰ ਯਾਦ ਕਰ ਕੇ ਚੰਦਰ ਭਾਨ ਨੂੰ ਚੋਖੀ ਰਾਤ ਤੱਕ ਨੀਂਦਰ ਨਾ ਪਈ। ਗੋਡਿਆਂ ਨੂੰ ਹਿੱਕ ਨਾਲ ਲਾਈ ਉਹ ਆਪਣੇ ਕੰਬਲ ਨੂੰ ਸਭਨਾਂ ਪਾਸਿਆਂ ਤੋਂ ਸਮੇਟ ਕੇ ਗੁੱਛਾ ਮੁੱਛਾ ਪਿਆ ਸੀ। ਪਾਸੇ ਪਰਤਦਾ ਹੋਇਆ ਦਿਨ ਚੜ੍ਹਨ ਦੀ ਉਡੀਕ ਕਰ ਰਿਹਾ ਸੀ। ਮਾਂ ਦੇ ਕਹੇ ਹੋਏ ਵਾਕ ਉਸ ਦੇ ਕੰਨਾਂ ਵਿਚ ਗੂੰਜਦੇ ਤੇ ਉਸ ਨੂੰ ਵਹਿਣਾਂ ਵਿਚ ਰੋੜ੍ਹੀ ਲਈ ਜਾਂਦੇ ਸਨ।

ਮੰਜਾ ਹਿਲਣ ਦੀ ਖਿੜਕ ਸੁਣ ਕੇ ਮੰਗਲਾ ਪੁਛਦੀ—"ਚੰਨ! ਕਿਉਂ, ਨੀਂਦਰ ਨਹੀਂ ਆਉਂਦੀ? ਪਾਲਾ ਲੱਗਦਾ ਏ? ਸੌਂਦਾ ਕਿਉਂ ਨਹੀਂ" ਤੇ ਉੱਤਰ ਵਿਚ ਚੰਦਰ ਭਾਨ ਕਹਿੰਦਾ—"ਨਹੀਂ ਮਾਂ, ਮੈਂ ਤੇ ਸੁੱਤਾ ਹੋਇਆ, ਤੂੰ ਕਿਉਂ ਐਵੇ ਨੀਂਦਰ ਖ਼ਰਾਬ ਕਰਨੀ ਏ, ਸੌਂ ਜਾਹ।"

ਤੇ ਛੇਕੜ ਚੰਦਰ ਭਾਨ ਨੂੰ ਨੀਂਦਰ ਆ ਗਈ।

ਪਰਭਾਤ ਵੇਲੇ ਅਚਾਨਕ ਹੀ ਉਸ ਦੀ ਜਾਗ ਖੁਲ੍ਹ ਗਈ। ਉਸ ਨੂੰ ਜਾਪਿਆ ਜਿਵੇਂ ਉਹ ਕੋਈ 'ਆਵਾਜ਼' ਸੁਣ ਕੇ ਜਾਗਿਆ ਹੈ। ਝਟ ਕੁ ਪਿਛੋਂ ਫਿਰ ਉਸ ਦੇ ਕੰਨਾਂ ਵਿਚ ਕੁਝ ਖਟਕਿਆ, ਜਿਸ ਤਰ੍ਹਾਂ ਕਿਸੇ ਦੇ ਕਸੀਸ ਵੱਟਣ ਦੀ ਆਵਾਜ਼ ਹੁੰਦੀ ਹੈ। ਨਾਲ ਹੀ ਉਸ ਨੂੰ ਆਪਣਾ ਸਰੀਰ ਨਿੱਘਾ ਨਿੱਘਾ ਜਾਪਿਆ, ਤੇ ਕੰਬਲ ਵੀ ਭਾਰਾ-ਭਾਰਾ।

ਉਸ ਨੇ ਜਾਂ ਹੱਥ ਨਾਲ ਟੋਹ ਕੇ ਵੇਖਿਆ ਤਾਂ ਉਸ ਦੇ ਅੰਦਰੋਂ ਪੁਕਾਰ ਉਠੀ—"ਹੈਂ! ਮਾਂ ਦੀ ਲੋਈ ਮੇਰੇ ਉਤੇ ?"

ਉਹ ਚੁਪ ਚੁਪਾਤਾ ਉਠਿਆ, ਤੇ ਹੀਆਂ ਨੂੰ ਫੜਦਾ ਟਟੋਲਦਾ ਮਾਂ ਦੇ ਮੰਜੇ ਤੱਕ ਪਹੁੰਚਿਆ। ਪੈਂਦ ਵੱਲ ਹੱਥ ਮਾਰਨ ਤੇ ਖੁੱਸੀਆਂ ਹੋਈਆਂ ਰੱਸੀਆਂ ਤੋਂ ਬਿਨਾਂ ਉਸ ਨੂੰ ਕੁਝ ਨਾ ਲੱਭਾ। ਉਸ ਨੇ ਕਾਹਲੀ ਨਾਲ ਅਵਾਜ਼ ਦਿਤੀ, "ਮਾਂ!" ਤੇ ਨਾਲ ਹੀ ਆਪਣੇ ਹੱਥਾਂ ਨੂੰ ਸਰ੍ਹਾਂਦੀ ਵੱਲ ਸਰਕਾਣ ਲੱਗਾ।

ਉਸ ਦੇ ਕੰਨਾਂ ਤੇ ਹੱਥਾਂ ਨੂੰ ਇਕੋ ਸਮੇਂ—ਇਕੱਠਾ ਹੀ ਉੱਤਰ ਮਿਲਿਆ। ਇਕ ਕੰਬਦੀ ਹੋਈ ਅਵਾਜ਼—"ਜੀ ਪੁੱਤਰ!" ਤੇ ਨਾਲ ਹੀ ਉਸ ਦਾ ਹੱਥ ਸਰ੍ਹਾਂਦੀ ਵੱਲ ਇਕੱਠੀ ਹੋਈ ਹੋਈ ਮਾਂ ਦੇ ਸਰੀਰ ਨੂੰ ਜਾ ਛੋਹਿਆ, ਜੋ ਇਕੋ-ਇਕ ਚੰਦਰ ਦੀ ਮਦਦ ਨਾਲ ਆਪਣੇ ਸਰੀਰ ਨੂੰ ਥੱਲੇ ਦੀ ਮਾਰ ਤੋਂ ਬਚਾਣ ਦੀ ਅਸਫਲ ਕੋਸ਼ਿਸ਼ ਕਰ ਰਹੀ ਸੀ।

"ਮਾਂ, ਇਹ ਕੀ ?" ਕਹਿ ਕੇ ਉਹ ਪਿਛਾਂਹ ਮੁੜਿਆ, ਤੇ ਦੋਵੇਂ ਕਪੜੇ ਲਿਆ ਕੇ ਉਸ ਨੇ ਮਾਂ ਦੇ ਉਤੇ ਪਾ ਦਿੱਤੇ। ਉਸ ਦੇ ਮੱਥੇ ਤੇ ਹੱਥ ਫੇਰਨ ਲੱਗਾ। ਉਸ ਦਾ ਖ਼ਿਆਲ ਸੀ ਕਿ ਮਾਂ ਦਾ ਪਿੰਡਾ ਗੜੇ ਵਰਗਾ ਹੋਵੇਗਾ, ਪਰ ਇਸ ਤੋਂ ਉਲਟ ਬੁੱਢੀ ਦਾ ਮੱਥਾ ਹਾਡੀ ਵਾਂਗ ਤਪ ਰਿਹਾ ਸੀ। ਉਸ ਨੂੰ ਜ਼ੋਰ ਦਾ ਬੁਖ਼ਾਰ ਚੜ੍ਹਿਆ ਹੋਇਆ ਸੀ।

ਮਮਤਾ ਦੀ ਮਾਰੀ ਮਾਂ ਕਦੇ ਸਹਾਰ ਸਕਦੀ ਸੀ ਕਿ ਪੁੱਤਰ ਦਾ ਕੰਬਲ ਆਪ ਲੈ ਕੇ ਉਸ ਨੂੰ ਠਾਰੇ। ਅਖੀਰ ਦੁਹਾਂ ਮਾਂ ਪੁੱਤਾਂ ਦਾ ਬਹੁਤ ਸਾਰੇ ਝਗੜੇ ਤੋਂ ਬਾਦ ਸਮਝੌਤਾ ਹੀ ਹੋਇਆ ਤੇ ਦੁਹਾਂ ਨੇ ਇਕੱਠਿਆਂ ਸੌਂ ਕੇ ਰਾਤ ਦਾ ਚੌਥਾ ਪਹਿਰ ਬਿਤਾਇਆ।

... ... ... ...

"ਵੇ ਗਿਆਨ-ਚੰਦਾ! ਵੇ ਸ਼ਾਮਿਆ! ਨੀ ਜਿੰਦੇ ਦੀ ਮਾਂ! ਵੇ ਕੀ ਨਾਂ ਈਂ ਤੇਰਾ...ਕਿਰਪਿਆ! ਜਾਓ ਵੇ ਰਤਾ ਪਤਾ ਕਰੋ, ਕਿੱਥੇ ਜਾ ਕੇ ਬੈਠ ਰਿਹਾ ਜਣਦਿਆਂ ਖਾਣਾ। ਔਹ ਵੇਲਾ ਆਇਆ ਏ, ਨਾ ਰੋਟੀ ਨਾ ਪਾਣੀ। ਜ਼ਰਾ ਘੱਲੀਂ ਨੀ ਸ਼ਾਮੋਂ ਮੁੰਡੇ ਨੂੰ, ਤੇਰੇ ਬੱਚੇ ਜੀਣ।"

ਪੰਜ ਭੱਠ ਬੁਖ਼ਾਰ ਦੀ ਹਾਲਤ ਵਿਚ ਫਿਰਦੀ ਫਿਰਾਂਦੀ ਮਾਈ ਜਦ ਹਫ ਕੇ ਘਰ ਦੇ ਬੂਹੇ ਅੱਗੇ ਆ ਢੱਠੀ ਤਾਂ ਉਸ ਨੇ ਉਪਰੋਕਤ ਵਾਕ ਗਲੀ ਵਾਲਿਆਂ ਨੂੰ ਕਹੇ। ਗੁਆਂਢੀ ਜਾਣਦੇ ਸਨ ਕਿ ਬੁੱਢੀ ਨੂੰ ਇਹੋ ਜਿਹਾ ਬਕੜਵਾਹ ਕਰਨ ਦੀ ਵਾਦੀ ਪਈ ਹੋਈ ਹੈ। ਕਿਸੇ ਨੇ ਵੀ ਕੰਨ ਨਾ ਧਰਿਆ। ਇੱਕਾ-ਦੁੱਕਾ ਨੇ ਜੋ ਹਿੰਮਤ ਕੀਤੀ ਵੀ, ਤਾਂ ਗਲੀ ਦੇ ਮੋੜ ਤੱਕ ਝਾਕ ਕੇ ਮੁੜ ਆਏ।

ਮੰਗਲਾਂ ਦਾ ਅੱਜ ਜੋੜ-ਜੋੜ ਛੁੜਕਿਆ ਪਿਆ ਸੀ। ਇਸ ਤੇ ਵਾਧਾ ਇਹ ਕਿ ਉਹ ਪਹਿਰਾ ਬਧੀ ਬਜ਼ਾਰ ਦੀ ਖੇਹ ਛਾਣਦੀ ਹੋਈ ਸੰਘ ਪਾੜ-ਪਾੜ ਕੇ ਮੁੜੀ ਸੀ। ਸਾਰਾ ਘਰ ਉਸ ਦੀਆਂ ਅੱਖਾਂ ਅੱਗੇ ਭਉਂ ਰਿਹਾ ਸੀ? ਪਰ ਇਤਨਾ ਹੋਣ ਤੇ ਵੀ ਕਿਸੇ ਦੀ ਸਿੱਕ ਨੇ ਉਸ ਨੂੰ ਬੇਹੋਸ਼ ਨਾ ਹੋਣ ਦਿੱਤਾ। ਉਸ ਦੀਆਂ ਅੱਖਾਂ ਤਾੜੇ ਲੱਗਦੀਆਂ ਜਾ ਰਹੀਆਂ ਸਨ।

ਝਟ ਕੁ ਪਿਛੋਂ ਉਸ ਨੇ ਸਰੀਰ ਨੂੰ ਹਿਲਾਇਆ-ਜੁਲਾਇਆ, ਤੇ ਥੋੜ੍ਹੇ ਚਿਰ ਦੇ ਜਤਨ ਨਾਲ ਉੱਠੀ। ਸੋਟੀ ਉਤੇ ਸਾਰੇ ਸਰੀਰ ਦਾ ਭਾਰ ਪਾ ਕੇ ਫੇਰ ਬਾਹਰ ਨਿਕਲ ਤੁਰੀ।

ਬਜ਼ਾਰੋ-ਬਜ਼ਾਰ ਭੌਂਦੀ ਹੋਈ ਉਹ ਬੋਲੀ ਜਾਂਦੀ ਸੀ—"ਵੇ ਜਾਣ ਵਾਲਿਆ! ਵੇ ਤੇਰਾ ਭਲਾ ਹੋਵੇ! ਵੇ ਮੁੰਡਿਓ! ਏਧਰ ਕਿਸੇ ਨੇ ਇਕ ਅੰਨ੍ਹਾਂ ਗਭਰੂ ਜਾਂਦਾ ਵੇਖਿਆ ਹੋਵੇ?"

ਏਂਦਾ ਹੀ ਲੱਤਾਂ ਨੂੰ ਡੋਲਣ ਤੋਂ ਰੋਕਦੀ ਹੋਈ ਉਹ ਜਦ ਇਕ ਬਜ਼ਾਰ ਦੇ ਮੋੜ ਤੇ ਪਹੁੰਚੀ, ਤਾਂ ਅਚਾਨਕ ਉਸ ਨੂੰ ਇਕ ਅਵਾਜ਼ ਆਈ—

"ਲੈ ਲੌ ਪੈਸੇ ਦੀਆਂ ਪੰਝੀ ਸੂਈਆਂ ਆਂ—ਆਂ, ਸਿਪ ਦੇ ਬਟਨ ਦੋਂਹ ਪੈਸਿਆਂ ਦੇ ਚੌਵੀ-ਈ-ਈ-ਈ।"

ਮੰਗਲਾਂ ਠਠੰਬਰ ਕੇ ਖਲੋ ਗਈ। ਅਵਾਜ਼ ਉਸ ਦੇ ਚੰਦਰ ਭਾਨ ਦੀ ਸੀ। ਉਹ ਪੁਕਾਰਦੀ ਹੋਈ ਬੋਲੀ—"ਵੇ ਚੰਨ!"

ਤੇ ਪਲਕ ਪਿਛੋਂ ਉਹ ਚੰਦਰ ਭਾਨ ਨੂੰ ਹਿੱਕ ਨਾਲ ਲਾਈ ਉਸ ਦਾਕਰ ਵਰਗਾ ਮੱਥਾ ਚੁੰਮ ਰਹੀ ਸੀ।

"ਹਾਏ ਮਾਂ ਮਰ ਜਾਏ.....ਵੱਡੇ ਵੇਲੇ ਦਾ ਘਰੋਂ.....ਤੇ ਇਹ ਕੀ ਲਈ ਫਿਰਨਾ ਏਂ ? ਜਣਦੇ ਖਾਣਿਆਂ, ਕਿਧਰ ਦੀ ਬਿਪਤਾ ਪੈ ਗਈ ਸੀ ਤੈਨੂੰ ਸੂਈਆਂ ਗੁਦਾਮ ਵੇਚਣ ਦੀ ?" ਕਹਿੰਦਿਆਂ-ਕਹਿੰਦਿਆਂ ਬੁੱਢੀ ਦੇ ਅੱਥਰੂ ਢਲਕ ਪਏ। ਬਾਂਹ ਵਿਚ ਬਾਂਹ ਪਾ ਕੇ ਉਹ ਉਸ ਨੂੰ ਘਰ ਲੈ ਤੁਰੀ।

ਘਰ ਪਹੁੰਚ ਕੇ ਮਾਈ ਮੰਗਲਾਂ ਦਾ ਭਾਵੇਂ ਬੁਖ਼ਾਰ ਤਾਂ ਨਾ ਉਤਰਿਆ, ਪਰ ਬੁਖ਼ਾਰ ਦਾ ਅਸਰ ਕੁਝ ਘੱਟ ਗਿਆ।

ਚੰਦਰ ਭਾਨ ਨੇ ਉਸ ਨੂੰ ਆਪਣੇ ਨਵੇਂ ਵਪਾਰ ਦਾ ਕਿੱਸਾ ਸੁਣਾਇਆ, ਤੇ ਇਸ ਤੋਂ ਬਾਦ ਝੱਗੇ ਦੇ ਖੀਸੇ ਵਿਚੋਂ ਹੱਥ ਕੱਢ ਕੇ ਮਾਂ ਵੱਲ ਵਧਾਂਦਾ ਹੋਇਆ ਬੋਲਿਆ, "ਲੈ ਮਾਂ।"

ਮੰਗਲਾਂ ਦਾ ਇਧਰ ਧਿਆਨ ਨਹੀਂ ਸੀ। ਉਸ ਨੇ ਸਭ ਤੋਂ ਪਹਿਲਾਂ ਚੰਦਰ ਭਾਨ ਨੂੰ ਨਿੱਘਿਆ ਕਰਨ ਦਾ ਯਤਨ ਕੀਤਾ। ਫਿਰ ਉਸ ਦੇ ਹੱਥੋਂ ਪੈਸੇ ਲੈ ਕੇ ਉਸ ਵੇਖੇ, ਜੋ ਪੰਜਾਂ ਛੀਆਂ ਆਨਿਆਂ ਦੇ ਸਨ।

ਪੈਸੇ ਫੜਾ ਕੇ ਚੰਦਰ ਭਾਨ ਆਪਣੀਆਂ ਕੰਨ ਰੂਪੀ ਅੱਖਾਂ ਨਾਲ ਮਾਂ ਦੇ ਭਾਵਾਂ ਨੂੰ ਤੱਕਣ ਲੱਗਾ। ਉਸ ਦਾ ਖ਼ਿਆਲ ਸੀ ਕਿ ਪੈਸੇ ਵੇਖ ਕੇ ਮਾਂ ਖੁਸ਼ੀ ਭਰੀਆਂ ਗੱਲਾਂ ਨਾਲ ਉਸ ਦਾ ਸਾਰਾ ਥਕੇਵਾਂ ਲਾਹ ਦੇਵੇਗੀ, ਪਰ ਉਸ ਦੀ ਆਸ ਪੂਰੀ ਨਾ ਹੋਈ, ਜਦ ਉਸ ਦੇ ਕੰਨੀ ਠੰਢੇ ਸਾਹ ਲੈਣ ਦੀ ਅਵਾਜ਼ ਪਈ।

ਚੰਦਰ ਭਾਨ ਨੂੰ ਅੱਜ ਪਹਿਲੀ ਵੇਰਾਂ ਇਸ ਗੱਲ ਦੀ ਸੂਝ ਹੋਈ ਕਿ ਉਹ ਵੀ ਮਾਂ ਦੇ ਸਰੀਰਕ ਕਸ਼ਟ ਨੂੰ ਕਿਸੇ ਹੱਦ ਤੱਕ ਵੰਡਾ ਸਕਦਾ ਹੈ। ਇਸੇ ਕਰਕੇ ਖੁਸ਼ੀ ਨਾਲ ਉਸ ਦਾ ਦਿਲ ਧੜਕ ਰਿਹਾ ਸੀ। ਉਹ ਜਦ ਪੰਜ ਛੀ ਆਨੇ ਵਟ ਕੇ ਮੁੜਿਆ ਆ ਰਿਹਾ ਸੀ, ਜਿਨ੍ਹਾਂ ਵਿਚੋਂ ਅੱਧੇ ਪੈਸੇ ਉਸ ਦਾ ਮੁਨਾਫਾ ਸੀ, ਤਾਂ ਕਈ ਤਰ੍ਹਾਂ ਦੇ ਖ਼ਿਆਲ ਉਸ ਦੇ ਦਿਮਾਗ ਵਿਚ ਚੱਕਰ ਲਾ ਰਹੇ ਸਨ—"ਇਸ ਤਰ੍ਹਾਂ ਵਟਕ ਹੁੰਦੀ ਰਹੀ, ਤਾਂ ਮਾਂ ਨੂੰ ਕਪੜੇ ਸੁਆਂ ਦਿਆਂਗਾ, ਫੇਰ ਉਸ ਲਈ ਇਕ ਰਜਾਈ ਭਰਵਾਂਗਾ। ਪਰ ਮਾਂ ਦੀ ਉਦਾਸੀ ਨੇ ਉਸ ਦੇ ਉਤਸ਼ਾਹ ਨੂੰ ਸਿਲ੍ਹਾਬਾ ਚਾੜ੍ਹ ਦਿੱਤਾ।

ਮੰਗਲਾ ਦੇ ਅੰਦਰ ਇਨ੍ਹਾਂ ਪੈਸਿਆਂ ਨੇ ਜਿੰਨੇ ਤੂਫ਼ਾਨ ਲਿਆਂਦੇ—ਵਲਵਲਿਆਂ ਨੇ ਜਿੰਨੀਆਂ ਕੁ ਟੱਕਰਾਂ ਖਾਂਧੀਆਂ, ਉਨ੍ਹਾਂ ਸਭਨਾਂ ਨੂੰ ਉਸ ਨੇ ਆਪਣੀਆਂ ਹੱਡੀਆਂ ਦੇ ਕਮਜ਼ੋਰ ਪਿੰਜਰ ਵਿਚੋਂ ਬਾਹਰ ਨਾ ਨਿਕਲਣ ਦਿੱਤਾ—ਅੰਦਰੇ ਡੱਕੀ ਰਖਿਆ। ਉਹ ਆਪਣੇ ਚੰਨ ਦੇ ਦਿਲ ਤੇ ਕਿਸੇ ਤਰ੍ਹਾਂ ਦੀ ਠੇਸ ਨਹੀ ਸੀ ਲਾਣੀ ਚਾਹੁੰਦੀ।

ਉਸ ਨੇ ਸਾਰਾ ਜ਼ੋਰ ਲਾ ਕੇ ਆਪਣੇ ਸਰੀਰ ਨੂੰ ਉਦੋਂ ਤੀਕ ਡਿੱਗਣੋਂ ਬਚਾਈ ਰਖਿਆ, ਜਦ ਤੀਕ ਉਹ ਪੁੱਤਰ ਨੂੰ ਰੋਟੀ ਨਾ ਖਵਾ ਚੁੱਕੀ। ਇਸ ਤੋਂ ਬਾਅਦ ਭਾਵੇਂ ਉਸਨੇ ਬਥੇਰੀ ਕੋਸ਼ਿਸ਼ ਕੀਤੀ ਕਿ ਕਿਸੇ ਤਰ੍ਹਾਂ ਚੰਦਰ ਭਾਨ ਦੇ ਪੈਰਾਂ ਨੂੰ ਨਿੱਘਿਆਂ ਕਰੇ, ਪਰ ਬੁਖ਼ਾਰ ਨੇ ਉਸ ਦੀ ਪੇਸ਼ ਨਾ ਜਾਣ ਦਿੱਤੀ।

... ... ... ...

ਚੰਦਰ ਭਾਨ ਦੀ ਪਹਿਲੇ ਦਿਨ ਦੀ ਖੱਟੀ, ਜੋ ਉਸ ਨੇ ਕਿਸੇ ਹੋਰ ਕੰਮ ਲਈ ਲਿਆਂਦੀ ਸੀ, ਕਿਸੇ ਹੋਰ ਹੀ ਕੰਮ ਤੇ ਖਰਚ ਹੋ ਗਈ—ਕੋਲਿਆਂ ਅਤੇ ਤਾਰਪੀਨ ਦੇ ਤੇਲ ਉਤੇ।

ਪਹਿਲਾਂ ਕੁਝ ਦਿਨ ਤਾਂ ਮਾਈ ਮੰਗਲਾਂ ਨੇ ਵੱਖੀ ਪੀੜ ਸਮਝ ਕੇ ਹਠ ਬੰਨ੍ਹੀ ਰਖਿਆ, ਪਰ ਉਸ ਦੀ ਇਹ ਪੀੜ ਸਾਧਾਰਨ ਨਹੀਂ ਸੀ। ਇਸ ਪੀੜ ਨੇ ਮੰਜੇ ਨਾਲ ਉਸ ਦੀ ਸਾਂਝ ਪਾ ਦਿਤੀ—ਉਹ ਨਮੂਨੀਆਂ ਦਾ ਸ਼ਿਕਾਰ ਹੋ ਚੁਕੀ ਸੀ।

ਕੁਦਰਤ, ਹਰ ਇਕ ਹੋਣ ਵਾਲੇ ਕੰਮ ਦਾ ਪਹਿਲਾਂ ਹੀ ਬਾਨ੍ਹਣੂ ਬੰਨ੍ਹ ਦੇਂਦੀ ਹੈ। ਚੰਦਰ ਭਾਨ ਰੋਜ਼ ਵਡੇ ਵੇਲੇ ਉਠ ਕੇ ਘਰੋਂ ਚਲਾ ਜਾਂਦਾ ਤੇ ਸ਼ਾਮਾ ਨੂੰ ਮੁੜਦਾ ਸੀ। ਉਸ ਦੇ ਲਿਆਂਦੇ ਹੋਏ ਪੈਸੇ ਦਵਾ ਦਾਰੂ ਤੇ ਖਰਚ ਹੋ ਰਹੇ ਸਨ।

ਮੰਜੇ ਤੇ ਪਈ ਪਈ ਮੰਗਲਾਂ ਜਦੋਂ ਆਪਣੇ ਲਾਡਲੇ ਦੀ ਕਸ਼ਟਾਂ ਭਰੀ ਕਮਾਈ ਨੂੰ ਖਰਚ ਹੁੰਦਿਆਂ ਵੇਖਦੀ ਸੀ, ਨਾਲ ਹੀ ਵੇਖਦੀ ਚੰਦਰ ਭਾਨ ਦੇ ਚਿੰਤਾਤੁਰ ਚਿਹਰੇ ਨੂੰ, ਤਾਂ ਉਸ ਦਾ ਦਿਲ ਸੀਨਾ ਪਾੜ ਕੇ ਨਿਕਲ-ਨਿਕਲ ਪੈਂਦਾ। ਪਰ ਇਸ ਸਭ ਕਿਸੇ ਨੂੰ ਰੱਬ ਦੀ ਰਜ਼ਾ ਦੀ ਰਜ਼ਾ ਤੇ ਮੱਥੇ ਦੇ ਲੇਖ ਕਹਿ ਕੇ ਉਹ ਆਪਣੇ ਰੁੜ੍ਹਦੇ ਦਿਲ ਅੱਗੇ ਬੰਨ੍ਹਾਂ ਮਾਰਨ ਦਾ ਉਪਰਾਲਾ ਕਰਦੀ ਚਲੀ ਜਾ ਰਹੀ ਸੀ।

ਚੰਦਰ ਭਾਨ ਨੂੰ ਹੁਣ ਇਕੋ ਧੁਨ ਲੱਗੀ ਹੋਈ ਸੀ—ਪੈਸੇ ਕਮਾਣ ਦੀ ਉਸ ਦੇ ਹੱਥਾਂ ਵਿਚੋਂ ਉਸ ਦਾ ਭਵਿੱਸ਼ ਉਸ ਦੀ ਦੁਨੀਆਂ ਤੇ ਉਸ ਦਾ ਸਰਬੰਸ ਨਿਕਲਦਾ ਜਾਂਦਾ ਸੀ, ਤੇ ਉਹ ਆਪਣੇ ਲਹੂ ਦਾ ਛੇਕੜਲਾ ਤੁਪਕਾ ਦੇ ਕੇ ਵੀ ਉਸ ਨੂੰ ਬਚਾਣਾ ਚਾਹੰਦਾ ਹੈ।

ਮੰਗਲਾਂ ਦੀ ਹਾਲਤ ਦਿਨੋ-ਦਿਨ ਖ਼ਰਾਬ ਹੁੰਦੀ ਗਈ, ਇਥੋਂ ਤੱਕ ਕਿ ਉਸ ਨੂੰ ਖੰਘ ਨਾਲ ਲਹੂ ਆਉਣ ਲੱਗ ਪਿਆ।

ਅੱਜ ਚੰਦਰ ਭਾਨ ਸਾਰੀ ਰਾਤ ਲੋਗੜ ਤੱਤਾ ਕਰ ਕਰਕੇ ਮਾਂ ਦੀਆਂ ਵੱਖੀਆਂ ਨੂੰ ਸੇਕ ਕਰਦਾ ਰਿਹਾ, ਨਾਲ ਹੀ ਉਹ ਸੋਚਦਾ ਰਿਹਾ ਸੀ—'ਸਵਾ ਰੁਪਿਆ ਘਰ ਵਿਚ ਮੌਜੂਦ ਹੈ, ਜੇ ਰੁਪਿਆ ਬਾਰ੍ਹਾਂ ਆਨੇ ਕਲ੍ਹ ਕਿਸੇ ਤਰ੍ਹਾਂ ਹੋਰ ਮਿਲ ਜਾਣ, ਤਾਂ ਕਿਸੇ ਡਾਕਟਰ ਨੂੰ ਸਦ-ਲਿਆਵਾਂਗਾ।

ਦੂਜੇ ਦਿਨ ਉਹ ਪਹਿਲਾਂ ਨਾਲੋਂ ਵੀ ਸਵਖਤੇ ਘਰੋਂ ਨਿਕਲ ਤੁਰਿਆ ਤੇ ਜਾਂਦਾ ਹੋਇਆ ਗੁਆਢੀਆਂ ਨੂੰ ਮਾਂ ਦੀ ਸੌਂਪਣੀ ਕਰ ਗਿਆ।

ਉਹ ਸਾਰਾ ਦਿਨ ਸੰਘ ਪਾੜਦਾ ਫਿਰਿਆ, ਪਰ ਕੋਈ-ਕੋਈ ਦਿਨ ਹੀ ਨਹਿਸ਼ ਹੁੰਦਾ ਹੈ, ਉਹ ਅੱਠਾਂ ਦਸਾਂ ਆਨਿਆਂ ਤੋਂ ਵੱਧ ਨਾ ਵਟ ਸਕਿਆ। ਲਉਢੇ ਵੇਲੇ ਦਾ ਸੂਰਜ ਜਿਉਂ-ਜਿਉਂ ਢਲਦਾ ਜਾਂਦਾ ਸੀ, ਤਿਉਂ ਤਿਉਂ ਉਸ ਦੇ ਦਿਲ ਦੀ ਬੇਚੈਨੀ ਤੇ ਚਿੰਤਾ ਵਧਦੀ ਜਾਂਦੀ ਸੀ। ਅੰਤ ਹਾਰ ਕੇ ਉਹ ਉਸੇ ਮੁਨਿਆਰ ਪਾਸ ਗਿਆ ਜਿਸ ਪਾਸੋਂ ਸੋਦਾ ਲੈਂਦਾ ਹੁੰਦਾ ਸੀ। ਮੁਨਿਆਰ ਨੇ ਉਸ ਨੂੰ ਇਕ ਰੁਪਿਆ ਉਧਾਰਾ ਦੇ ਦਿੱਤਾ।

ਚੰਦਰ ਭਾਨ ਉਸ ਨੂੰ ਦਿਲੋਂ ਅਸੀਸਾਂ ਦੇਂਦਾ ਹੋਇਆ ਘਰ ਵੱਲ ਮੁੜਿਆ। ਉਹ ਜਿਨੇ ਕਦਮ ਪੁੱਟਦਾ ਓਨੇ ਹੀ ਵੱਖੋ-ਵੱਖਰੇ ਖ਼ਿਆਲ ਉਸ ਦੇ ਅੰਦਰ ਪੈਦਾ ਹੁੰਦੇ ਜਾਂਦੇ ਹਨ, ਤੇ ਇਹਨਾਂ ਸਭਨਾਂ ਵਿਚ ਉਸ ਨੂੰ ਮਾਂ ਦੀ ਹੀ ਤਸਵੀਰ ਦਿੱਸਦੀ ਸੀ।

ਗਲੀ ਵੜਦਿਆਂ ਹੀ ਉਸ ਨੇ ਕੰਨ ਖੜੇ ਕਰ ਲਏ। ਉਹ ਦਸਾਂ ਕੁ ਕਦਮਾਂ ਤੇ ਸੀ, ਜਦ ਆਪਣੇ ਪੈਰਾਂ ਅਤੇ ਸੋਟੀ ਦੇ ਖਮਾਕ ਨੂੰ ਰੋਕ ਕੇ ਘਰ ਅੰਦਰੋਂ ਆਉਣ ਵਾਲੀ ਕਿਸੇ ਆਵਾਜ਼ ਨੂੰ ਸੁਣਨ ਦੀ ਕੋਸ਼ਿਸ਼ ਕਰਨ ਲੱਗਾ। ਪੰਜ ਕੁ ਕਦਮ ਹੋਰ ਅੱਗੇ ਜਾ ਕੇ ਉਸ ਨੇ ਕੰਨਾਂ ਦੇ ਪਿਛੇ ਹੱਥ

ਰੱਖ ਕੇ ਹਵਾ ਦੀ ਸਾਂ-ਸਾਂ ਨੂੰ ਰੋਕਿਆ। ਤੇ ਜਦੋਂ ਉਸ ਦਾ ਘਰ ਦੁਹ ਕਦਮਾਂ ਦੀ ਵਿੱਥ ਤੇ ਰਹਿ ਗਿਆ, ਉਸ ਨੇ ਆਪਣਾ ਸਾਹ ਰੋਕ ਲਿਆ ਤੇ ਸਿਰ ਨੂੰ ਅਗਾਂਹ ਅਗਾਂਹ ਕਰਨ ਲੱਗਾ।

ਅੰਦਰੋਂ ਕਰਾਹੁਣ ਦੀ ਅਵਾਜ਼ ਆ ਰਹੀ ਸੀ, ਪਰ ਡਾਢੀ ਔਖਿਆਈ ਨਾਲ। ਮੰਗਲਾਂ ਨੇ ਵੀ ਡੋਗੋਰੀ ਦਾ ਖੜਾਕ ਸੁਣਿਆ। ਉਹ ਪਾਸਾ ਪਰਤਣ ਦੀ ਕੋਸ਼ਿਸ਼ ਕਰਦੀ ਹੋਈ, ਖਿੱਚਵੀਂ ਤੇ ਟੁੱਟਦੀ ਅਵਾਜ਼ ਵਿਚ ਬੋਲੀ— "ਚੰਨ... ! ਆ ਗਿਆ ਏ ?...ਆ ਮੇਰਾ ਭਾਗ...ਆ ਜਾ ਮੇਰੇ ਕੋਲ।"

ਆਵਾਜ਼ ਨੇ ਹੀ ਚੰਦਰ ਭਾਨ ਨੂੰ ਮਾਂ ਦੀ ਬੀਮਾਰੀ ਦਾ ਸਾਰਾ ਹਾਲ ਦੱਸ ਦਿੱਤਾ, ਮੰਗਲਾਂ ਲਈ ਸਚਮੁਚ ਡਾਕਟਰ ਦੀ ਲੋੜ ਸੀ।

ਉਹ ਮਾਂ ਦੇ ਮੰਜੇ ਤੇ ਝੁਕ ਗਿਆ। ਆਪਣੀ ਪਿੱਠ ਉਤੇ ਮਾਂ ਦਾ ਹੱਥ ਫੇਰਨ ਨਾਲ ਜਦ ਉਸ ਦਾ ਥਕੇਵਾਂ ਦੂਰ ਹੋ ਗਿਆ, ਤਾਂ ਮਾਂ ਦੇ ਮੱਥੇ ਨੂੰ ਟਟੋਲਦਾ ਹੋਇਆ ਬੇ-ਸਬਰੀ ਨਾਲ ਬੋਲਿਆ, "ਮਾਂ ਨੀ ! ਪੀੜ ਦਾ ਆਰਾਮ ਆਇਆ ?"

ਬਨਾਉਟੀ ਹੌਂਸਲੇ ਭਰੀ ਆਵਾਜ਼ ਵਿਚ ਮੰਗਲਾਂ ਬੋਲੀ, "ਆਰਾਮ ਏਂ ......ਹੁਣ ਅਰਾਮ ਏਂ......ਮੈਂ ਰਾਜ਼ੀ ਆ ਲਾਲ !"

ਚੰਦਰ ਭਾਨ ਸਮਝ ਗਿਆ ਕਿ ਇਕ ਛੋਟਾ ਜਿਹਾ ਵਾਕ ਬੋਲਣ ਲਈ ਜਿਸ ਰੋਗੀ ਨੂੰ ਦੋ ਤਿੰਨ ਵਾਰੀ ਕਸੀਸ ਵੱਟਣੀ ਪਈ ਹੋਵੇ ਉਹ ਕਿੰਨਾ ਕੁ ਰਾਜ਼ੀ ਹੋ ਸਕਦਾ ਹੈ।

ਉਹ ਮੰਜੇ ਤੋਂ ਉਠਿਆ ਤੇ ਕੰਧ ਦੇ ਆਸਰੇ ਉਸ ਜਾਲੇ ਤੱਕ ਜਾਂ ਪਹੁੰਚਿਆ, ਜਿਥੇ ਉਸ ਦੀ ਪੂੰਜੀ ਪਈ ਸੀ। ਜਾਲੇ ਵਿਚ ਜਦ ਉਸ ਨੇ ਹੱਥ ਮਾਰਿਆ, ਤਾਂ ਪੈਸਿਆ ਵਾਲੀ ਪੋਟਲੀ ਦੇ ਥਾਂ ਨਵੇਂ ਬੂਟਾਂ ਦਾ ਜੋੜਾ ਉਸ ਦੇ ਹੱਥਾਂ ਨੂੰ ਰੜਕਿਆ।

"ਮਾਂ ! ਇਹ ਬੂਟ ਕਿਸ ਦੇ ਨੇ ਆਲੇ ਵਿਚ ?"

"ਤੇਰੇ ਜੋਗੇ ਲਏ ਨੇ ਚੰਨ.......ਵਿਕਣੇ ਆਏ ਸੀ।"

"ਤੇਰੇ ਜੋਗੇ ?" ਉਸ ਨੇ ਹੈਰਾਨੀ ਨਾਲ ਗੁੱਸੇ ਹੋ ਕੇ ਪੁਛਿਆ—"ਮੈਂ

ਤੈਨੂੰ ਕਦੋਂ ਕਿਹਾ ਸੀ ਬੂਟ ਲੈਣ ਲਈ? ਮਾਂ! ਤੂੰ ਜੋ ਕੰਮ ਕਰਨੀ ਏਂ ਕਾਹਲੀ ਦਾ ਹੀ ਕਰਨੀ ਏਂ! ਕਿੰਨੇ ਦੇ ਲਏ ਸੀ?"

ਮੰਗਲਾਂ ਨੇ ਖੰਘ ਕੇ ਕਿਹਾ—"ਪੌਣੇ ਦੂੰਹ ਦੇ।"

"ਤੇ ਪੈਸੇ ਮਾਂ?"

"ਸਵਾ ਰੁਪਈਆ ਰੋਕ ਦਿੱਤਾ ਸੀ ਤੇ.......ਧੇਲੀ ਵਿਚ.....!"

"ਧੇਲੀ ਵਿਚ ਕੀ ਦਿੱਤਾ ਸੀ?"

"ਉਹ ਜਿਹੜਾ ਚਾਂਦੀ ਦੀ ਛੱਲਾ......!"

ਉਹ ਲਹੂ ਦਾ ਘੁਟ ਭਰ ਕੇ ਰਹਿ ਗਿਆ।

ਮੰਗਲਾਂ ਦੀ ਅੱਖ ਲੱਗ ਗਈ ਸੀ। ਚੰਦਰ ਭਾਨ ਦੱਬੇ ਪੈਰੀਂ ਉਠ ਕੇ ਬਾਹਰ ਨਿਕਲ ਤੁਰਿਆ। ਬੂਟਾਂ ਦਾ ਜੋੜਾ ਆਲੇ 'ਚੋਂ ਕੱਢ ਕੇ, ਪੈਰੀਂ ਪਾਣ ਦੇ ਥਾਂ ਉਸ ਨੇ ਹੱਥ ਵਿਚ ਫੜਿਆ ਹੋਇਆ ਸੀ।

... ... ... ...

ਦਿਨ ਚੜ੍ਹਦਿਆਂ ਹੀ ਡਾਕਟਰ ਆਇਆ, ਨਬਜ਼ ਟਟੋਲੀ, ਟੂਟੀਆਂ ਲਾ ਕੇ ਫੇਫੜਿਆਂ ਦੀ ਆਵਾਜ਼ ਸੁਣੀ, ਤੇ ਰੋਗਣ ਦੀਆਂ ਪਸਲੀਆਂ ਨੂੰ ਟੋਹ-ਟਾਹ ਕੇ ਵੇਖਿਆ। ਸਾਹ ਪੈਰੋ-ਪੈਰ ਤੇਜ਼ ਹੁੰਦਾ ਜਾਂਦਾ ਸੀ, ਤੇ ਛਾਤੀ ਵਿਚੋਂ ਸਾਂ-ਸਾਂ ਦੀ ਅਵਾਜ਼ ਉੱਚੀ ਹੋ ਕੇ ਆ ਰਹੀ ਸੀ।

ਚੰਦਰ ਭਾਨ ਜਦ ਦਵਾਈ ਲੈਣ ਲਈ ਜਾਣ ਲੱਗਾ, ਤਾਂ ਮੰਗਲਾਂ ਦੀ ਧੁੰਧਲੀ ਨਜ਼ਰ ਉਸ ਦੇ ਪੈਰਾਂ ਤੇ ਜਾ ਪਈ। ਉਖੜਵੀਂ ਅਵਾਜ਼ ਵਿਚ ਪੁਕਾਰੀ—"ਕਾਕਾ...ਬੂਟ ਪਾ ਕੇ ਜਾਹ...ਆਲੇ...ਪਰ ਉਸ ਵਿਚਾਰੀ ਨੂੰ ਕੀ ਪਤਾ ਕਿ ਉਸ ਦੇ ਖਰੀਦੇ ਹੋਏ ਬੂਟ, ਚੰਦਰ ਭਾਨ ਦੇ ਪੈਰੀਂ ਪੈਣ ਤੋਂ ਪਹਿਲਾਂ ਹੀ ਡਾਕਟਰ ਦੇ ਖੀਸੇ ਵਿਚ ਜਾ ਪਏ ਹਨ। ਹਰ ਇਕ ਚੀਜ਼ ਆਪਣੇ ਥਾਂ ਸਿਰ ਹੀ ਸੋਭਦੀ ਹੈ। ਚੰਦਰ ਭਾਨ ਦੇ ਪੈਰ ਇਸ ਯੋਗ ਨਹੀਂ ਸਨ ਸ਼ਾਇਦ।

ਮਾਂ ਦੀ ਗਲ ਨੂੰ ਅਣਸੁਣੀ ਕਰ ਕੇ ਚੰਦਰ ਭਾਨ ਦਵਾਈ ਲੈਣ ਚਲਾ ਗਿਆ। ਤੇ ਉਸ ਤੋਂ ਅਗਲੇ ਦਿਨ ਦਾ ਸੂਰਜ ਜਦ ਚੜ੍ਹਿਆ ਤਾਂ ਮੰਗਲਾਂ

ਸਦਾ ਲਈ ਅੱਖ ਮੀਟ ਚੁੱਕੀ ਸੀ। ਅੰਨ੍ਹੇ ਦੀ ਇਕ ਮਾਤਰ ਡੰਗੋਰੀ ਘੁਣਾਂ ਖਾਧੀ ਡੰਗੋਰੀ ਵੀ ਰੱਬ ਨੇ ਉਸ ਪਾਸੋਂ ਖੋਹ ਲਈ।

... ... ... ... ...

ਚੰਦਰ ਭਾਨ ਨੇ ਮੁੜ ਘਰ ਵਿਚ ਪੈਰ ਨਹੀਂ ਪਾਇਆ। ਓਹੀ ਘਰ, ਜਿਸ ਦੀਆਂ ਢਠੀਆਂ ਕੰਧਾਂ ਉਸ ਲਈ ਸਾਰੇ ਸੁਖ, ਸਾਰੀਆਂ ਖ਼ੁਸ਼ੀਆਂ ਆਪਣੇ ਅੰਦਰ ਸਮੋਈ ਬੈਠੀਆਂ ਸਨ, ਡਰਾਉਣੀਆਂ ਸ਼ਕਲਾਂ ਬਣਾ ਬਣਾ ਕੇ ਉਸ ਨੂੰ ਖਾਣ ਪੈਂਦੀਆਂ ਸਨ। ਉਸ ਨੂੰ ਜਾਪਦਾ ਕਿ ਇਸ ਘਰ ਦੇ ਪ੍ਰਾਣ ਨਿਕਲ ਗਏ ਹਨ ਤੇ ਹੁਣ ਇਹ ਘਰ ਲੋਥ ਤੋਂ ਵਧ ਕੁਝ ਨਹੀਂ। ਉਸ ਦਿਨ ਤੋਂ ਬਾਦ ਚੰਦਰ ਭਾਨ ਨੂੰ ਕਦੇ ਕਿਸੇ ਨੇ ਏਸ ਗਲੀ ਵਿਚ ਨਹੀਂ ਡਿਠਾ।

# ਮੇਰੀ ਆਪ ਬੀਤੀ ਵਿਚੋਂ—'ਕੱਲੋ'

ਸੰਨ ੧੯੩੬ ਦਾ ਜ਼ਿਕਰ ਹੈ, ਉਸ ਸਾਲ ਮੈਂ ਜਿਸ ਨਾਵਲ ਦੀ ਰਚਨਾ ਆਪਣੇ ਦਿਮਾਗ਼ ਵਿਚ ਰਚੀ, ਉਸ ਦਾ ਨਾਂ ਸੀ "ਕਾਗਤਾਂ ਦੀ ਬੇੜੀ" ਤੇ ਜਦੋਂ ਇਸ ਨੂੰ ਲਿਖਣ ਲਈ ਮੈਨੂੰ ਪਹਾੜ ਜਾਣ ਦੀ ਲੋੜ ਜਾਪੀ, ਤਾਂ ਦਿਲ ਕੁਝ ਗੋਤਿਆਂ ਵਿਚ ਪੈ ਗਿਆ—ਖੀਸਾ ਐਤਕੀਂ ਇਜਾਜਤ ਨਹੀਂ ਸੀ ਦੇ ਰਿਹਾ। ਸੋ ਮੈਂ ਮਨ ਮਾਰ ਕੇ ਘਰ ਵਿਚ ਹੀ ਇਸ ਨੂੰ ਲਿਖਣਾ ਸ਼ੁਰੂ ਕਰ ਦਿੱਤਾ, ਪਰ ਅੰਬਾਂ ਦੀ ਭੁੱਖ ਅੰਬਾਕੜੀਆਂ ਨਾਲ ਕਦੋਂ ਦੂਰ ਹੋ ਸਕਦੀ ਸੀ। ਅਖ਼ੀਰ ਕਿਸੇ ਨਾ ਕਿਸੇ ਤਰ੍ਹਾਂ ਔਖਾ ਸੁਖਾਲਾ ਹੋ ਕੇ ਥੋੜ੍ਹੀ ਜਿਹੀ ਰਕਮ ਦਾ ਪ੍ਰਬੰਧ ਕਰ ਹੀ ਲਿਆ, ਤੇ ਛੇ ਜੁਲਾਈ ਸੰਨ ੧੯੩੬ ਨੂੰ ਮੈਂ ਧਰਮਸਾਲਾ ਜਾਣ ਲਈ ਪਠਾਨਕੋਟ ਦੀ ਗੱਡੀ ਚੜ੍ਹਿਆ।

ਕਈਆਂ ਸਾਲਾਂ ਤੋਂ ਅਪਰ ਧਰਮਸਾਲਾ ਦੇ ਇਕ ਰਮਣੀਕ ਥਾਂ "ਮੈਕਲੋਡ ਗੰਜ" ਡੇਰਾ ਕਰਦਾ ਹੁੰਦਾ ਸਾਂ, ਪਰ ਐਤਕੀਂ ਬਟੂਏ ਦਾ ਵਜ਼ਨ ਕੁਝ ਹੌਲਾ ਵੇਖ ਕੇ ਮੈਂ ਮਕਾਨ ਦਾ ਕਰਾਇਆ ਬਚਾ ਲਿਆ, ਤੇ ਕੋਤਵਾਲੀ ਬਾਜ਼ਾਰ, ਆਪਣੇ ਇਕ ਰਾਮਗੜ੍ਹੀਆ ਦੋਸਤ ਪਾਸ ਜਾ ਉਤਰਿਆ। ਉਸ ਦਾ ਘਰ ਇਕ ਗੁੰਮਨਾਮ ਜਿਹੇ ਮਹੱਲੇ ਵਿਚ ਸੀ, ਜਿਥੇ ਬਹੁਤੇ ਘਰ ਪੰਜਾਬੀਆਂ ਦੇ, ਤੇ ਕੁਝ ਥੁਹੜੇ ਜਿਹੇ ਦਿੱਲੀਵਾਲੇ ਬਾਣੀਆਂ ਦੇ ਸਨ। ਮੇਰਾ ਮਿੱਤਰ ਆਪਣੇ ਛੋਟੇ ਜਿਹੇ ਮਕਾਨ ਵਿਚ ਸਵਾ ਲੱਖ ਹੀ ਸੀ, ਜੇਹੜਾ ਦਿਨ ਚੜ੍ਹਦੇ ਪੱਕਾ ਖਾ ਕੇ ਕੰਮ ਤੇ ਚਲਾ ਜਾਂਦਾ, ਤੇ ਸ਼ਾਮੀ ਪਰਤਦਾ ਸੀ।

ਮੈਕਲੋਡ ਗੰਜ ਵਰਗੀ ਨਾ ਤਾਂ ਇਥੇ ਏਕਾਂਤ ਸੀ, ਨਾ ਹੀ ਕੋਈ ਸੀਨਰੀ। ਉਂਜ ਮੌਸਮ ਸੁਹਣਾ, ਤੇ ਮੇਰੀ ਸਿਹਤ ਵੀ ਕਾਫ਼ੀ ਨਰੋਈ ਸੀ। ਜਿਸ ਕਰਕੇ ਲਿਖਣ ਵਿਚ ਸੁਰ ਤਾਲ ਚੰਗਾ ਜੁੜ ਗਿਆ। ਗੁਆਂਢੀ ਬੱਚਿਆਂ ਦਾ ਰੌਲਾ ਜ਼ਰੂਰ ਕਿਸੇ ਕਿਸੇ ਵੇਲੇ ਅਖਰਦਾ ਸੀ, ਪਰ ਉਸ ਤਰ੍ਹਾਂ ਦੀ ਬੇਅਰਾਮੀ ਨਹੀਂ

ਸਾਂ ਮਹਿਸੂਸ ਕਰਦਾ ਜਿਹੋ ਜਿਹੀ ਘਰ ਵਿਚ ਰਹਿੰਦਿਆਂ ਆਪਣੇ ਬੱਚਿਆਂ ਦੇ ਰੌਲੇ ਦੀ। ਕਿਉਂਕਿ ਇਥੋਂ ਦੇ ਬੱਚੇ ਨਾ ਤਾਂ ਸਕੂਲ ਜਾਣ ਵੇਲੇ ਮੈਥੋਂ ਫ਼ੀਸ, ਕਿਤਾਬਾਂ ਜਾ ਸਿਆਹੀ ਲਈ ਪੈਸੇ ਮੰਗਦੇ ਸਨ, ਨਾ ਹੀ ਮੈਨੂੰ ਇਸ ਗੱਲ ਦੀ ਚਿੰਤਾ ਸੀ ਕਿ ਉਨ੍ਹਾਂ ਦੇ ਸਕੂਲ ਜਾਣ ਵਿਚ ਦੇਰ ਹੋ ਰਹੀ ਹੈ।

ਪਰ ਮੇਰੇ ਰਸਤੇ ਵਿਚ ਇਕ ਦਿਕਤ ਆ ਪੈਦਾ ਹੋਈ, ਜਿਸ ਦਾ ਕੋਈ ਵੀ ਇਲਾਜ ਨਹੀਂ ਸੀ ਦਿਸਦਾ। ਇਕ ਮੁਟਿਆਰ ਜਿਹੀ ਚੂਹੜੀ ਰੋਜ਼ ਹੀ ਦੋ ਵੇਲੇ ਮਹੱਲੇ ਵਿਚ ਆ ਧਮਕਦੀ, ਤੇ ਜਿਨ੍ਹਾਂ ਚਿਰ ਮੌਜੂਦ ਰਹਿੰਦੀ ਨਾ ਉਸ ਦੀ, ਨਾ ਹੀ ਮਹੱਲੇ ਵਾਲਿਆਂ ਤੇ ਵਾਲੀਆਂ ਦੀ ਜ਼ਬਾਨ ਮੂੰਹ ਵਿਚ ਟਿਕਦੀ। ਕਦੀ ਇਕ ਨਾਲ, ਕਦੀ ਦੂਜੇ ਨਾਲ ਤੇ ਕਦੀ ਤੀਜੇ ਨਾਲ ਉਸ ਦਾ ਆਢਾ ਲੱਗਾ ਹੀ ਰਹਿੰਦਾ। ਉਹ ਅੱਤ ਦਰਜ਼ੇ ਦੀ ਢੀਠ ਤੇ ਮੂੰਹ ਫੱਟ ਸੀ। ਇਕ ਦੇ ਬੂਹੇ ਅੱਗੋਂ ਕੂੜਾ ਹੂੰਝ ਕੇ ਕਿਸੇ ਦੂਸਰੇ ਦੇ ਘਰ ਅੱਗੇ ਜਾ ਢੇਰੀ ਕਰਦੀ। ਜਿਸ ਕਰ ਕੇ ਮੇਰੇ ਨਾਵਲ ਵਾਂਗ ਉਸ ਦੀ ਲੜਾਈ ਦਾ ਕੋਈ ਨਾ ਕੋਈ ਕਾਂਡ ਹਰ ਵੇਲੇ ਸ਼ੁਰੂ ਹੀ ਰਹਿੰਦਾ ਸੀ। ਇਸ ਤਰ੍ਹਾਂ ਸੜੀ ਲੂਸੀ ਦਿਖਾਈ ਦੇਂਦੀ, ਜਿਵੇਂ ਹਰ ਸਾਹਮਣੇ ਆਉਣ ਵਾਲੇ ਨੂੰ ਕੱਚਿਆਂ ਹੀ ਚੱਰ ਜਾਏਗੀ। ਬੇਦਿਲੀ ਤੇ ਬੱਧੋਗੀਰੀ ਜਿਹੀ ਹਾਲਤ ਵਿਚ ਝਾੜੂ ਦੀਆਂ ਤੀਲੀਆਂ ਜ਼ਮੀਨ ਤੇ ਘਸੀਟੀ ਜਾਂਦੀ ਤੇ ਨਾਲੋਂ ਨਾਲ ਬੁੜਬੁੜਾਈ ਜਾਂਦੀ– "ਜਾਨੇ ਕੈਸੀ ਅੰਧੀ ਔਰਤ ਹੈਂ। ਕਚਰਾ ਫੈਂਕ ਕਰ ਗਲੇ ਤੱਕ ਢੇਰ ਲਗਾ ਦੇਤੀ ਹੈਂ....ਭਾੜ ਮੈਂ ਜਾਏ...ਸਾਰੇ ਦਿਨ ਕੀ ਨੌਕਰ ਥੋੜ੍ਹੇ ਹੀ ਹੂੰ...ਲੌਂਡੇ ਲੌਂਡੀਓਂ ਕੋ ਜਗ੍ਹੇ ਜਗ੍ਹੇ ਟੱਟੀ ਫਿਰਾਇ ਦੇਤੀ ਹੈਂ....ਮੂਏ ਜਾਨੇ ਕਿੱਤਾ ਖਾਇ ਲੇਤੇ ਹੈਂ... !"

ਜਿਉਂ ਹੀ ਉਸ ਦੇ ਏਹਨਾਂ ਵਾਕ-ਤੀਰਾਂ ਦੀ ਕੋਈ ਇਕ ਅੱਧ ਅਣੀਂ ਕਿਸੇ ਕੰਨ ਦੇ ਪਰਦੇ ਨਾਲ ਟਕਰਾਂਦੀ ਕਿ ਝੱਟ ਜਵਾਬੀ ਹਮਲੇ ਸ਼ੁਰੂ ਹੋ ਜਾਂਦੇ–"ਖਸਮ ਨੂੰ ਖਾਣੀ ਕਿੱਡੀ ਫਿੱਟ ਗਈ ਏ....ਰੰਡੀਏ! ਜ਼ਬਾਨ ਖਿੱਚ ਲਊਂਗੀ ਜੇ ਮੁੜ ਕੇ ਮੇਰੇ ਨਿਆਣਿਆਂ ਨੂੰ ਨੌਲਿਆ। ਹੱਡ ਹਰਾਮ ਔਂਤਰੀ, ਪੈਸੇ ਲੈਣ ਵੇਲੇ ਅਗੇਤੀ ਆ ਮਰਦੀ ਏ, ਦਿਨ ਦਿਹਾਰ ਨੂੰ ਵੱਖਰਾ ਬੂੱਥਾ ਸਾੜੀਦਾ ਏ। ਫੇਰ ਵੀ ਸੱਤੀਂ ਪੀਹੜੀ ਹਗਾਣੀ ਦਾ ਟੰਗਾਰ ਨਹੀਂ ਪੈਂਦਾ। ਹਰ ਵੇਲੇ ਜੜੂੰ ਸੜੂੰ ਕਰਦੀ ਰਹਿੰਦੀ ਏਂ...... !"

ਕੋਈ ਕਿੰਨਾ ਹੀ ਉਸ ਨੂੰ ਬੋਲੀ ਜਾਵੇ, ਚਿੱਲਾਈ ਜਾਵੇ, ਉਸ ਦੇ ਮੱਥੇ ਦੀਆਂ ਤਿਊੜੀਆਂ ਕਦੀ ਸਿੱਧੀਆਂ ਨਹੀਂ ਸਨ ਹੁੰਦੀਆਂ, ਨਾ ਹੀ ਉਸ ਨੂੰ

ਇਸ ਗੱਲ ਦੀ ਪਰਵਾਹ ਸੀ ਕਿ ਕੌਣ ਉਸ ਨੂੰ ਕੀ ਕਹਿ ਰਿਹਾ ਹੈ। ਕੋਈ ਹਜ਼ਾਰ ਪਿਆ ਕੂਕੇ—"ਕੱਲੋ, ਮੇਰਾ ਕੋਠਾ ਲਾਹ ਜਾ..., ਕੱਲੋ, ਕਈਆਂ ਦਿਨਾਂ ਤੋਂ ਸਾਡੀ ਨਾਲੀ ਵਿਚ ਕੂਚੀ ਨਹੀਂ ਫੇਰੀ, ਬੋ ਨਾਲ ਨੱਕ ਪਾਟਣ ਆਇਆ ਹੋਇਆ ਏ...ਕੱਲੋ, ਔਹ ਢੇਰੀਆਂ ਤਾਂ ਬੂਹੇ ਅੱਗੋਂ ਚੁੱਕ ਲੈ..." ਪਰ ਕੱਲੋ ਨੂੰ ਜਿਵੇਂ ਪਤਾ ਹੀ ਨਹੀਂ ਕਿ ਕੌਣ ਕੁੱਤਾ ਭੌਂਕੀ ਜਾਂਦਾ ਹੈ। ਉਸ ਨੇ ਜੋ ਕੁਝ ਕਰਨਾ ਹੁੰਦਾ, ਆਪਣੀ ਮਰਜ਼ੀ ਨਾਲ ਹੀ ਕਰਦੀ ਸੀ। ਕਿਸੇ ਦਾ ਆਖਿਆ ਮੰਨਣ ਦੀ ਜਿਵੇਂ ਉਸ ਨੇ ਸਹੁੰ ਖਾਧੀ ਹੋਈ ਸੀ। ਉਸ ਦੇ ਏਸੇ ਢੀਠ ਪੁਣੇ ਤੋਂ ਚਿੜ ਕੇ ਸਾਰਾ ਮਹੱਲਾ ਉਸ ਦੇ ਗਲ ਪੈਂਦਾ ਰਹਿੰਦਾ ਸੀ, ਤੇ ਜਵਾਬ ਵਿਚ ਕੱਲੋ ਇਕ ਦੀਆ ਚਾਰ ਨਾ ਸੁਣਾ ਲਵੇ, ਉਸ ਨੂੰ ਚੈਨ ਕਿਥੇ?

ਪਤਾ ਨਹੀਂ ਉਹ ਕਿਹੜੀ ਮਿੱਟੀ ਦੀ ਘੜੀ ਹੋਈ ਸੀ, ਕਿ ਨਾ ਤਾਂ ਲੋਕਾਂ ਦੀਆਂ ਗਾਲ੍ਹਾਂ ਤੋਂ ਛਿਥੀ ਪੈਂਦੀ, ਨਾ ਹੀ ਬੁੜ ਬੁੜ ਕਰਨੋਂ ਟਲਦੀ। ਜਿਵੇਂ ਗਾਲ੍ਹਾਂ ਖ਼ਾਣੀਆਂ ਤੇ ਬੁੜ ਬੁੜ ਕਰਨਾ, ਇਹ ਉਸ ਦੇ ਨਿਤ ਨੇਮ ਵਿਚ ਸ਼ਾਮਲ ਸੀ। ਜਿਵੇਂ ਉਸ ਦੀ ਏਸ ਰੋਜ਼ਾਨਾ ਕਾਰ ਵਿਚ ਕੁਝ ਵੀ ਓਪਰਾਪਣ ਨਹੀਂ ਸੀ।

ਕੇਵਲ ਇਹੋ ਹੀ ਨਹੀਂ ਕਿ ਮੈਨੂੰ ਉਸ ਦੇ ਕਲਾ ਕਲੇਸ਼ ਤੋਂ ਖਿੱਝ ਸੀ, ਉਸ ਦੀ ਸ਼ਕਲ ਵੀ ਬੜੀ ਮਨਹੂਸ ਜਾਪਦੀ ਸੀ, ਏਨੀ ਮਨਹੂਸ ਕਿ ਵੇਖ ਕੇ ਮੈਨੂੰ ਡਰ ਵੀ ਆਉਣ ਲੱਗ ਪੈਂਦਾ ਤੇ ਗੁੱਸਾ ਵੀ।

ਉਸ ਦੇ ਚਿਹਰੇ ਉਤੇ ਭਾਵੇਂ ਬਦਸੂਰਤੀ ਦਾ ਕੋਈ ਚਿੰਨ੍ਹ ਨਹੀਂ ਸੀ, ਉਮਰ ਵੀ ਉਸ ਦੀ ਉਹੀ ਸੀ ਜਿਸ ਉਮਰੇ ਕਹਿੰਦੇ ਹਨ ਕਿ 'ਖੋਤੀ ਉਤੇ ਵੀ ਹੁਸਨ ਆ ਜਾਂਦਾ ਹੈ', ਅਰਥਾਤ ਭਰ ਜੁਆਨੀ ਦੀ ਫੇਰ ਵੀ ਪਤਾ ਨਹੀਂ ਕਿਉਂ ਉਹ ਸਾਰਿਆਂ ਨੂੰ ਭੈੜੀ ਲੱਗਦੀ ਸੀ, ਤੇ ਸਭ ਤੋਂ ਬਹੁਤੀ ਮੈਨੂੰ। ਬਹੁਤ ਹੀ ਅਵਾਜ਼ਾਰ ਹੋ ਗਿਆ ਮੈਂ।

ਇਸ ਮੁਸੀਬਤ ਤੋਂ ਬਚਣ ਦਾ ਕੋਈ ਰਾਹ ਨਹੀਂ ਸੀ। ਛੇਕੜ ਫੈਸਲਾ ਕੀਤਾ ਕਿ ਪਰਭਾਤ ਵੇਲੇ ਉਠ ਕੇ ਕੰਮ ਕਰਿਆ ਕਰਾਂ, ਤੇ ਉਸ ਕਲਹਿਣੀ ਦੇ ਆਉਣ ਤੋਂ ਪਹਿਲਾਂ ਮੁਕਾ ਲਿਆ ਕਰਾਂ। ਸੋ ਏਦਾਂ ਹੀ ਸ਼ੁਰੂ ਕੀਤਾ। ਪਰੰ ਪਤਾ ਨਹੀਂ ਮੈਨੂੰ ਭੁਲੇਖਾ ਸੀ ਜਾਂ ਸੱਚ ਮੁੱਚ ਇਹ ਗੱਲ ਸੀ, ਮੈਨੂੰ ਜਾਪਿਆ, ਜਿਵੇਂ ਕੱਲੋ ਵੀ ਪਹਿਲਾਂ ਨਾਲੋਂ ਸਵਖਤੇ ਔਣ ਲੱਗ ਪਈ ਹੈ।

ਲਿੱਖਣ ਦੇ ਸੰਬੰਧ ਵਿਚ ਮੇਰੀ ਇਕ ਆਦਤ ਬੜੀ ਚੰਦਰੀ ਹੈ, ਕਿ ਜੇ ਲਿਖਦਿਆਂ ਲਿਖਦਿਆਂ ਰਤਾ ਕੁ ਮੂਢ ਖ਼ਰਾਬ ਹੋ ਜਾਵੇ, ਭਾਵੇਂ ਹਜ਼ਾਰ ਕੋਸ਼ਿਸ਼ ਕਰਾਂ ਸਾਰਾ ਦਿਨ ਮੈਂ ਕੁਝ ਨਹੀਂ ਲਿਖ ਸਕਦਾ।

ਅਖ਼ੀਰ ਲਾਚਾਰ ਹੋ ਕੇ ਫ਼ੈਸਲਾ ਕਰ ਲਿਆ ਕਿ ਇਥੋਂ ਡੇਰਾ ਚੁੱਕਿਆ ਜਾਵੇ, ਭਾਵੇਂ ਮਸਾਣਾਂ ਦੀ ਬਾਰਾਂਦਰੀ ਵਿਚ ਹੀ ਕਿਉਂ ਨਾ ਜਾ ਕੇ ਰਹਿਣਾ ਪਵੇ। ਸਬੱਬ ਨਾਲ ਅਗਲੇ ਦਿਨ ਮੈਨੂੰ ਇਕ ਹੋਰ ਟਿਕਾਣਾ ਲੱਭ ਪਿਆ। ਰਾਤੀਂ ਮੈਂ ਇਹੋ ਫੈਸਲਾ ਕਰ ਕੇ ਸੁੱਤਾ ਕਿ ਦਿਨ ਚੜ੍ਹਦੇ ਹੀ ਆਪਣਾ ਬੋਰੀਆ ਬਿਸਤਰਾ ਇਥੋਂ ਚੁੱਕ ਲੈ ਜਾਵਾਂਗਾ।

ਪਰ ਦੂਜੇ ਦਿਨ ਸਵੇਰ ਤੋਂ ਹੀ ਬਾਰਸ਼ ਇੰਨੇ ਜ਼ੋਰ ਦੀ ਸ਼ੁਰੂ ਹੋ ਗਈ ਕਿ ਮੈਂ ਜਾ ਨਾ ਸਕਿਆ। ਉਸੇ ਤਰ੍ਹਾਂ ਟੁੱਟੇ ਖੁੱਸੇ ਦਿਲ ਨਾਲ ਮੈਂ ਆਪਣਾ ਕੰਮ ਛੂਹ ਬੈਠਾ। ਬੇ-ਤਹਾਸ਼ਾਂ ਮੀਂਹ ਪੈਣ ਦਾ ਇਕ ਲਾਭ ਵੀ ਹੋਇਆ ਕਿ ਕੱਲੋ ਨੇ ਅੱਜ ਸਵੇਰ ਤੋਂ ਵਿਖਾਲੀ ਨਾ ਦਿੱਤੀ। ਫੇਰ ਵੀ ਜਿਨ੍ਹਾਂ ਚਿਰ ਮੈਂ ਲਿਖਦਾ ਰਿਹਾ, ਇਹੋ ਸਹਿਮ ਦਿਲ ਵਿਚ ਬਣਿਆ ਰਿਹਾ ਕਿ ਹੁਣ ਵੀ ਆਈ। ਗੁਆਢੋਂ ਜੇ ਕਿਸੇ ਜ਼ਨਾਨੀ ਦੀ ਉੱਚੇ ਬੋਲਣ ਦੀ ਆਵਾਜ਼ ਸੁਣਾਈ ਦੇਂਦੀ ਤਾਂ ਮੇਰਾ ਦਿਲ ਧੜਕਣ ਲੱਗ ਪੈਂਦਾ, ਮਤੇ ਉਹ ਆ ਗਈ ਹੋਵੇ।

ਕਲ੍ਹ ਸ਼ਾਮੀਂ ਕੰਮ ਤੋਂ ਵਾਪਸ ਔਂਦਾ ਹੋਇਆ ਮੇਰਾ ਦੋਸਤ ਕੁਝ ਅੰਬ ਖ਼ਰੀਦ ਕੇ ਮੇਰੇ ਲਈ ਲੈ ਆਇਆ ਸੀ। ਅੱਜ ਦਿਲ ਕਾਫ਼ੀ ਖ਼ੁਸ਼ ਸੀ। ਇਕ ਤਾਂ ਮੌਸਮ ਚੰਗਾ ਹੋਣ ਕਰ ਕੇ, ਦੂਜਾ ਕੱਲੋ ਦੇ ਨਾ ਆਉਣ ਕਰ ਕੇ ਅੱਜ ਕੰਮ ਦੀ ਵੀ ਹੱਛੀ ਖ਼ਾਸੀ ਝੁੱਟੀ ਲੱਗ ਗਈ ਸੀ। ਦੁਪਹਿਰਾਂ ਵੇਲੇ, ਜਦ ਮੀਂਹ ਦਾ ਜ਼ੋਰ ਹਟ ਕੇ ਮਹੀਨ ਮਹੀਨ ਭੂਹਰ ਪੈ ਰਹੀ ਸੀ, ਮੈਂ ਬਰਾਂਡੇ ਵਿਚ ਕੈਨਵਿਸ ਦੀ ਆਰਾਮ ਕੁਰਸੀ ਡਾਹ ਕੇ, ਤੇ ਅੰਬਾਂ ਵਾਲੀ ਬਾਲਟੀ ਆਪਣੇ ਲਾਗੇ ਰੱਖ ਕੇ ਬੜੇ ਸੁਆਦ ਨਾਲ ਚੂਪਣ ਲੱਗ ਪਿਆ।

ਪੰਜ ਸੱਤ ਹੀ ਅੰਬ ਮੁਕਾਏ ਸਨ ਕਿ ਮੇਰੇ ਸਿਰ ਤੇ ਬਿਜਲੀ ਆਣ ਕੜਕੀ—ਆਕਾਸ਼ ਵਿਚੋਂ ਨਹੀਂ, ਧਰਤੀ ਤੋਂ। ਇਕ ਕੁਰੱਖ਼ਤ ਫਟਕਾਰ ਮੇਰੇ ਕੰਨਾਂ ਨਾਲ ਟਕਰਾਈ—"ਸਰਦਾਰ! ਤੁਮ੍ਹੇਂ ਦਿਖਾਈ ਨਹੀਂ ਦੇਤਾ? ਤਮਾਮ ਕਚਰਾ ਬਖੇਰ ਦੀਆ ਤੁਮ ਨੇ। ਦਰੋਗਾ ਦੇਖੇਗਾ ਤੋਂ ਹਮਾਰੇ ਕਾਨ ਈਂਠ ਲੇਗਾ।"

ਮੈਂ ਕੰਬ ਉਠਿਆ। ਕੁਝ ਕੋਲੋ ਦੀ ਕੜਕ ਸੁਣ ਕੇ, ਤੇ ਕੁਝ ਆਪਣੀ ਮੂਰਖਤਾ ਦਾ ਖ਼ਿਆਲ ਕਰ ਕੇ। ਸੱਚਮੁੱਚ ਮੈਂ ਅੰਬ ਚੂਪ ਚੂਪ ਕੇ ਛਿੱਲਾਂ ਤੇ ਗਿਟਕਾਂ ਇੰਜ ਬੇ-ਪਰਵਾਹੀ ਨਾਲ ਸੁੱਟੀ ਜਾ ਰਿਹਾ ਸਾਂ ਜਿਵੇਂ ਆਪਣਾ ਹੀ ਰਾਜ ਹੁੰਦਾ ਹੈ।

ਮੈਨੂੰ ਹੱਥਾਂ ਪੈਰਾਂ ਦੀ ਪੈ ਗਈ—ਖ਼ਬਰੇ ਇਹ ਮੇਰੇ ਨਾਲ ਕੀ ਬਾਬ ਕਰੇਗੀ—ਖ਼ਬਰੇ ਕਿੰਨੀ ਕੁ ਸਲਵਾਤਾਂ ਸੁਣਾਏਗੀ। ਬਹੁਤ ਡਰ ਇਸ ਗੱਲ ਦਾ ਸੀ ਕਿ ਕੋਈ ਗੁਆਂਢੀ ਮੇਰੀ ਦੁਰਗਤ ਹੁੰਦੀ ਨਾ ਵੇਖ ਲਵੇ।

ਮੈਂ ਝੱਟਪਟ ਕੁਰਸੀ ਤੋਂ ਉਠਿਆ, ਤੇ ਇਹ ਕਹਿੰਦਾ ਹੋਇਆ ਗਿਟਕਾਂ ਛਿੱਲੜਾਂ ਕੱਠੀਆਂ ਕਰਨ ਲੱਗ ਪਿਆ—"ਓਹ! ਬੜੀ ਭੂਲ ਹੂਈ ਬਹਿਨ, ਮੁਆਫ਼ ਕਰਨਾ। ਪਰਦੇਸੀ ਹੂੰ, ਖ਼ਿਆਲ ਨਹੀਂ ਰਹਾ। ਫਿਰ ਐਸੀ ਭੂਲ ਨਹੀਂ ਕਰੂੰਗਾ।"

ਮੇਰਾ ਖ਼ਿਆਲ ਸੀ ਕਿ ਆਪਣੇ ਸੁਭਾ ਅਨੁਸਾਰ ਅਜੇ ਉਹ ਮੇਰੇ ਉਤੇ ਕਾਫ਼ੀ ਵਰ੍ਹੇਗੀ। ਪਰ ਵੇਖ ਕੇ ਮੈਂ ਹੈਰਾਨ ਰਹਿ ਗਿਆ ਕਿ ਉਸ ਨੇ ਬੁਲ੍ਹ ਤੋਂ ਬੁਲ੍ਹ ਨਾ ਚੁੱਕਿਆ। ਤੇ ਜਦ ਮੈਂ ਅੱਧੀਆਂ ਕੁ ਛਿੱਲੜਾਂ ਸਮੇਟ ਚੁੱਕਾ, ਤਾਂ ਬੋਲੀ—"ਤੁਮ ਰਹਿਨੇ ਦੋ ਸਰਦਾਰ, ਮੈਂ ਉਠਾਏ ਲੇਤੀ ਹੂੰ।"

ਮੈਂ ਹਟ ਗਿਆ, ਤੇ ਬਾਲਟੀ ਵਿਚੋਂ ਹੱਥ ਧੋਣ ਲੱਗਾ। ਉਸ ਨੇ ਆਪਣੇ ਝਾੜੂ ਨਾਲ ਗਿਟਕਾਂ ਛਿੱਲੜ ਹੂੰਝ ਲਈਆਂ, ਬੂਹੇ ਦਾ ਅੱਗਾ ਵੀ ਸਾਫ਼ ਕਰ ਦਿੱਤਾ, ਤੇ ਸਭ ਕੁਝ ਛਾਬੇ ਵਿਚ ਪਾ ਕੇ ਚਲਦੀ ਬਣੀ। ਮੈਨੂੰ ਇਤਮੀਨਾਨ ਦਾ ਸਾਹ ਆਇਆ, ਸ਼ੁਕਰ ਹੈ ਬਲਾ ਟਲੀ।

ਮੈਂ ਅੰਬਾਂ ਵੱਲੋਂ ਵੇਹਲਾ ਹੋ ਕੇ ਮੁੜ ਆਪਣੇ ਕੰਮ ਜੁਟ ਪਿਆ।

ਮੀਂਹ ਦੇ ਜ਼ੋਰ ਕਰ ਕੇ ਉਸ ਦਿਨ ਵੀ ਮੈਂ ਥਾਂ ਬਦਲ ਨਾ ਸਕਿਆ। ਦੂਸਰੇ ਦਿਨ ਜਦ ਕੱਲੋ ਆਈ, ਤਾਂ ਸਭ ਤੋਂ ਪਹਿਲਾਂ ਉਸ ਨੇ ਮੇਰੇ ਘਰ ਦਾ ਅੱਗਾ ਸਾਫ਼ ਕੀਤਾ। ਨਾਲੀ, ਜਿਸ ਦੀ ਗ਼ਲਾਜ਼ਤ ਨੂੰ ਮੀਂਹ ਦਾ ਪਾਣੀ ਵੀ ਦੂਰ ਨਹੀਂ ਸੀ ਕਰ ਸਕਿਆ, ਉਸ ਨੇ ਖਰੋਚ ਖਰੋਚ ਕੇ ਸਾਫ਼ ਕਰਨੀ ਸ਼ੁਰੂ ਕਰ ਦਿੱਤੀ, ਤੇ ਇਸ ਕੰਮੋਂ ਵੇਹਲੀ ਹੋ ਕੇ ਮੇਰੇ ਜਿਥੇ ਬੈਠਾ ਲਿਖ ਰਿਹਾ ਸਾਂ, ਆ ਕੇ ਪੁੱਛਣ ਲੱਗੀ—"ਦਾਦਾ! ਭੀਤਰ ਕੂੜਾ ਹੋ ਤੋ ਬਾਹਰ ਫੈਂਕ ਦੋ, ਮੈਂ ਲੈ ਜਾਉਂ।"

"ਨਹੀਂ ਹੈ" ਕਹਿ ਕੇ ਮੈਂ ਮੂੰਹ ਧਿਆਨ ਆਪਣੇ ਕੰਮ ਲੱਗਾ ਰਿਹਾ। ਦੇ ਵਾਕ ਵਿਚਲੇ 'ਦਾਦਾ' ਸ਼ਬਦ ਨੇ ਮੈਨੂੰ ਜ਼ਰਾ ਕੁ ਔਖਿਆਂ ਕੀਤਾ—"ਕੀ ਇਹ ਆਪਣੇ ਆਪ ਨੂੰ ਮੇਰੀ ਪੋਤਰੀ ਦੀ ਉਮਰ ਦੀ ਖ਼ਿਆਲ ਕਰਦੀ ਹੈ? ਕੀ ਚਾਲ੍ਹੀਆਂ ਵਰ੍ਹਿਆਂ ਦੀ ਉਮਰੇ ਕੋਈ ਆਪਣੇ ਆਪ ਨੂੰ ਕਿਸੇ ਮੁਟਿਆਰ ਦਾ 'ਦਾਦਾ' ਅਖਵਾਣਾ ਬਰਦਾਸ਼ਤ ਕਰ ਸਕਦਾ ਹੈ?"

ਸਦਾ ਤੋਂ ਉਲਟ ਮੈਂ ਉਸ ਦਿਨ ਕੱਲੋ ਦੇ ਸਭਾ ਵਿਚ ਇਕ ਤਬਦੀਲੀ ਵੇਖੀ। ਅੱਜ ਉਸ ਨੇ ਨਾ ਤਾਂ ਕਿਸੇ ਮਹੱਲੇ ਵਾਲੀ ਨਾਲ ਆਢਾ ਲਾਇਆ, ਨਾ ਹੀ ਜਵਾਬ ਵਿਚ ਉਸ ਨੂੰ ਕਿਸੇ ਨੇ 'ਔਂਤਰੀ ਨਿਖਸਮੀ' ਕਿਹਾ।

ਪੈਡ ਦਾ ਵਰਕਾ ਪਾੜ ਕੇ ਰਖਣ ਲਗਿਆਂ ਮੇਰੀ ਨਜ਼ਰ ਬੂਹੇ ਵੱਲ ਮੁੜੀ। ਮੇਰਾ ਖ਼ਿਆਲ ਸੀ ਕਿ ਉਹ ਕੰਮ ਕਰਕੇ ਚਲੀ ਗਈ ਹੋਵੇਗੀ, ਪਰ ਉਸ ਨੂੰ ਮੈਂ ਬੂਹੇ ਦੀ ਕੰਧ ਲਾਗੇ ਖੜੀ ਵੇਖਿਆ। ਝਾੜੂ ਛਾਬਾ ਉਸ ਨੇ ਪਰ੍ਹਾਂ ਇਕ ਦਰੱਖ਼ਤ ਦੇ ਮੁੱਢ ਨਾਲ ਖੜ੍ਹੇ ਕਰ ਦਿੱਤੇ ਸਨ, ਤੇ ਆਪ ਉਹ ਮੇਰੇ ਲਿਖੇ ਹੋਏ ਵਰਕਿਆਂ ਉਤੇ ਨੀਝ ਲਾਈ ਖੜ੍ਹੀ ਸੀ।

ਮੈਂ ਸੋਚਿਆ, ਸ਼ਾਇਦ ਕਲ੍ਹ ਵਾਲੇ ਕੰਮ ਦੀ ਮਜ਼ਦੂਰੀ ਮੰਗਣ ਲਈ ਖੜ੍ਹੀ ਹੈ। ਹੱਥ ਜੇਬ ਵਿਚ ਪਾ ਕੇ ਮੈਂ ਕੋਈ ਸਭ ਤੋਂ ਛੋਟਾ ਸਿੱਕਾ ਪੋਟਿਆਂ ਨਾਲ ਟੋਟਲਣ ਲੱਗਾ। ਹੱਥ ਬਾਹਰ ਨਿਕਲਣ ਤੋਂ ਪਹਿਲਾਂ ਹੀ ਉਸ ਨੇ ਮੇਰੇ ਉਤੇ ਸਵਾਲ ਕੀਤਾ—"ਯੈ ਕਿਆ ਲਿਖਤੇ ਹੋ ਦਾਦਾ?"

"ਐਸੇ ਹੀ ਕੁਝ ਲਿਖਤਾ ਹੂੰ" ਖਹਿੜਾ ਛੁਡਾਣ ਦੇ ਖ਼ਿਆਲੋਂ ਮੈਂ ਇਕ ਆਨਾ ਉਸ ਵੱਲ ਸੁਟਦਿਆਂ ਕਿਆ—"ਲੇ।"

"ਰਹਿਨੇ ਦੋ ਦਾਦਾ!" ਕਹਿ ਕੇ ਉਸ ਨੇ ਆਨਾ ਮੈਂ ਸੁਟਆ ਸੀ, ਉਥੇ ਹੀ ਪਿਆ ਰਹਿਣ ਦਿੱਤਾ। ਕੇਵਲ ਇਕ ਵਾਰੀ ਉਸ ਵੱਲ ਤੱਕ ਕੇ ਉਸ ਨੇ ਨਜ਼ਰ ਹੱਟਾ ਲਈ।

"ਕਿਤਨੀ ਲਾਲਚਣ ਹੈ" ਦਿਲ ਵਿਚ ਕੁੜ੍ਹ ਰਿਹਾ ਸਾਂ—"ਕੀ ਏਨੇ ਕੁ ਕੰਮ ਦੀ ਮਜ਼ਦੂਰੀ ਇਕ ਆਨਾ ਥੋੜ੍ਹੀ ਹੈ?" ਪਰ ਮੈਂ ਮੂੰਹੋਂ ਉਸ ਨੂੰ ਇਸ ਡਰੋਂ ਕੁਝ ਨਾ ਕਿਹਾ ਕਿ ਮਤੇ ਗਲੇ ਦਾ ਹਾਰ ਬਣ ਜਾਵੇ। ਇਕ ਆਨਾ ਹੋਰ ਕੱਢ ਕੇ ਮੈਂ ਉਸ ਵੱਲ ਸੁਟਿਆ।

ਉਸ ਨੇ ਉਸੇ ਲਾ-ਪਰਵਾਹੀ ਨਾਲ ਦੂਸਰੇ ਆਨੇ ਵਲ ਵੀ ਤਕਿਆ, ਤੇ ਬੋਲੀ—"ਨਹੀਂ ਲੂੰਗੀ।"

"ਅਰੇ ! ਤੋ ਕਿਆ ਤੁਮ੍ਹੇਂ ਰੁਪਿਆ ਚਾਹੀਏ ਇਤਨੇ ਸੇ ਕਾਮ ਕੇ ਲੀਏ ?" ਮੈਂ ਤੈਸ਼ ਵਿਚ ਆ ਕੇ ਏਨੀ ਗੱਲ ਕਹਿ ਤਾਂ ਗਿਆ, ਪਰ ਜਿਉਂ ਹੀ ਉਸ ਦੇ ਚੇਹਰੇ ਉਤੇ ਇਕ ਡੂੰਘੀ ਨਜ਼ਰ ਸੁਟੀ ਕਿ ਮੈਨੂੰ ਸ਼ਰਮਸ਼ਾਰ ਹੋਣਾ ਪਿਆ। ਮੇਰਾ ਵਸ ਹੁੰਦਾ ਤਾਂ ਆਪਣੇ ਕਹੇ ਹੋਏ ਸ਼ਬਦਾਂ ਨੂੰ ਮੁੜ ਨਿਗਲ ਜਾਂਦਾ। ਕੱਲੋ ਦੇ ਚੇਹਰੇ ਉਤੇ ਲੋਭ ਦਾ ਕੋਈ ਚਿੰਨ੍ਹ ਨਹੀਂ ਸੀ, ਨਾ ਹੀ ਗੁੱਸੇ ਦੀ ਕੋਈ ਲਕੀਰ। ਮੇਰੀ ਪਛਾਤੀਆਂ ਹੋਈਆਂ ਤਿਊੜੀਆਂ ਵੀ ਉਸ ਦੇ ਮੱਥੇ ਤੇ ਨਹੀਂ ਸਨ। ਮੈਨੂੰ ਇਉਂ ਜਾਪਿਆ, ਜਿਵੇਂ ਕੱਲੋ ਦੇ ਨਕਸ਼ਾਂ ਉਤੇ ਅੱਜ ਕੋਈ ਅਨੋਖਾ ਜਿਹਾ ਹੁਸਨ ਨਿਖਰਦਾ ਆ ਰਿਹਾ ਹੈ—ਕੋਈ ਦਿਲਕੱਸ਼ ਜਿਹੀ ਖਿੱਚ, ਕੋਈ ਨਿੱਘੀ ਤੇ ਮਿੱਠੀ ਜਿਹੀ ਚਮਕ।

"ਕਿਉਂ ਨਹੀਂ ਲੇਤੀ ਕੱਲੋ ?" ਮੇਰੇ ਵਾਕ ਵਿਚ ਬੇਖ਼ਿਆਲੇ ਹੀ ਲਚਕ ਜਿਹੀ ਆ ਗਈ।

ਜਵਾਬ ਵਿਚ ਉਹ ਝਟਪਟ ਕੁਝ ਨਾ ਕਹਿ ਸਕੀ। ਬੋਲਣ ਤੋਂ ਪਹਿਲਾਂ ਉਸ ਦੇ ਹੋਠਾਂ ਉਤੇ ਤਬੱਸਮ ਜਿਹਾ ਲਿਸ਼ਕਿਆ, ਅੱਖਾਂ ਦੀਆਂ ਪਲਕਾਂ ਉਸ ਦੀਆਂ ਕਿਸੇ ਸੁਖਾਵੇਂ ਜਿਹੇ ਭਾਰ ਨਾਲ ਥੋੜੀਆਂ ਜਿਹੀਆਂ ਨੀਵੀਆਂ ਜਾਪੀਆਂ, ਉਸ ਦੀਆਂ ਗੱਲ੍ਹਾਂ ਉਤੇ ਇਕ ਤਰ੍ਹਾਂ ਦਾ ਭੱਖਾ ਜਿਹਾ ਪੈਦਾ ਹੋਇਆ, ਸੰਗਦਿਆਂ ਸੰਗਦਿਆਂ—ਰੁਕਦਿਆਂ ਰੁਕਦਿਆਂ—ਜਿਵੇਂ ਚਿੱਥ ਚਿੱਥ ਕੇ, ਉਸ ਦੇ ਮੂੰਹੋਂ ਨਿਕਲਿਆ—"ਤੁਮ ਨੇ ਕਲ ਮੁਝੇ 'ਬਹਿਨ' ਜੋ ਕਹਾਂ ਥਾ।"

ਸੁਣ ਕੇ ਮੈਂ ਹੱਕਾ ਬੱਕਾ ਰਹਿ ਗਿਆ। ਇਕ ਅਤ ਔਖੇ ਸਵਾਲ ਦਾ ਹੱਲ—ਜਿਸ ਨੂੰ ਮੈਂ ਕਈਆਂ ਦਿਨਾਂ ਤੋਂ ਸੋਚ ਰਿਹਾ ਸਾਂ—ਮੇਰੇ ਸਾਹਮਣੇ ਸੀ।

ਕੱਲੋ, ਜਿਸ ਨੂੰ ਮੈਂ ਹੁਣ ਤੀਕ ਕਲ੍ਹਾ ਦੀ ਮੂਰਤ ਤੇ ਕਲੇਸ਼ ਦੀ ਰੂਹ ਸਮਝਦਾ ਰਿਹਾ ਸਾਂ, ਉਸ ਦੇ ਇਸ ਨਿੱਕੇ ਜਿਹੇ ਵਾਕ ਨੇ ਜਿਵੇਂ ਸਾਰੀ ਦੀ ਸਾਰੀ ਕੱਲੋ ਮੇਰੇ ਸਾਹਮਣੇ ਬਦਲ ਦਿੱਤੀ। ਮੇਰੀ ਨਫ਼ਰਤ ਪਿਆਰ ਵਿਚ ਵਟ ਗਈ। ਕੱਲੋ ਦਾ ਘ੍ਰਿਣਿਤ ਚਿਹਰਾ ਮੈਨੂੰ ਸੋਹਣਾ ਸੋਹਣਾ ਦਿਖਾਈ ਦੇਣ ਲੱਗਾ।

ਪੈਡ ਤੇ ਕਲਮ ਰੱਖ ਦਿੱਤੇ, ਤੇ ਇਕ ਵਾਰੀ ਹੋਰ ਮੈਂ ਉਸ ਵੱਲ ਤਕਿਆ। ਕੱਲੋ ਦੇ ਨਕਸ਼ਾਂ ਵਿਚੋਂ ਜਿਵੇਂ ਹੁਸਨ ਤੇ ਪਿਆਰ ਦੀਆਂ ਸੁਆਵਾਂ ਉੱਠ ਉੱਠ ਕੇ ਆਲੇ-ਦੁਆਲੇ ਨੂੰ ਰੁਸ਼ਨਾ ਰਹੀਆਂ ਸਨ।

ਮੀਂਹ ਇਸ ਵੇਲੇ ਕਾਫ਼ੀ ਤੇਜ਼ ਹੋ ਗਿਆ ਸੀ, ਤੇ ਵਾਛੜ ਦਾ ਰੁਖ ਏਸੇ ਪਾਸੇ ਸੀ। ਕੱਲੋ ਉਸੇ ਤਰ੍ਹਾਂ ਮੀਂਹ ਵਿਚ ਖੜ੍ਹੀ ਭਿੱਜ ਰਹੀ ਸੀ। ਮੈਂ ਉਸ ਨੂੰ ਕਿਹਾ—"ਜ਼ਰਾ ਭੀਤਰ ਆ ਜਾ ਕੱਲੋ, ਤੁਮ ਭੀਗ ਰਹੀ ਹੋ।"

ਉਸ ਨੇ ਪੂਰੇ ਭਰੋਸੇ ਤੇ ਅਪਣੱਤ ਭਰੀ ਨਜ਼ਰ ਨਾਲ ਇਕ ਵਾਰੀ ਮੇਰੇ ਵੱਲ ਤਕਿਆ, ਤੇ ਫਿਰ ਆਪਣੇ ਭਿੱਜੇ ਹੋਏ ਸਰੀਰ ਵੱਲ, ਤੇ ਬੋਲੀ—"ਕੋਈ ਬਾਤ ਨਹੀਂ ਦਾਦਾ। ਹਮ ਲੋਗ ਤੋ ਇਸੀ ਤਰ੍ਹੇ ਭੀਗਾ ਕਰਤੇ ਹੈਂ ਅਛਾ ਜਾਤੀ ਹੂੰ। ਅੱਭੀ ਬਹੁਤ ਕਾਮ ਕਰਨਾ ਹੈ।"

ਜ਼ਬਾਨੋਂ ਤਾਂ ਕੱਲੋ ਨੇ ਕਹਿ ਦਿੱਤਾ "ਜਾਤੀ ਹੂੰ" ਪਰ ਮੈਂ ਉਸ ਦੇ ਚਿਹਰੇ ਤੋਂ ਕੁਝ ਹੋਰ ਪੜ੍ਹ ਰਿਹਾ ਸਾਂ। ਉਹ ਬਿਨਾਂ ਮੇਰੇ ਨਾਲ ਕੁਝ ਗੱਲਾਂ ਕੀਤੇ ਜਾਣਾ·ਨਹੀਂ ਸੀ ਚਾਹੁੰਦੀ। ਮੈਂ ਜ਼ਰਾ ਦਾਈਏ ਭਰੇ ਰਉਂ ਵਿਚ ਉਸ ਨੂੰ ਕਿਹਾ—"ਥੋੜ੍ਹੀ ਦੇਰ ਕੇ ਲੀਏ ਛਤ ਕੇ ਨੀਚੇ ਹੋ ਜਾ ਪਗਲੀ। ਬਾਰਸ਼ ਕਮ ਹੋ ਜਾਏ ਤੋ ਚਲੀ ਜਾਨਾ।"

ਅੰਦਰ ਆਉਣ ਦੀ ਉਸ ਦੀ ਸਲਾਹ ਹੈ ਸੀ, ਪਰ ਕਿਸੇ ਸੰਙ ਨੇ ਉਸ ਨੂੰ ਰੋਕਿਆ ਹੋਇਆ ਸੀ। ਖਿਲਰੇ ਹੋਏ ਭਾਂਡੇ ਟੀਂਡੇ ਵੱਲ ਤੱਕ ਕੇ ਉਹ ਬੋਲੀ, "ਪਰ ਯਹਾਂ ਤੋ ਤੁਮ ਰੋਟੀ ਬਨਾਤੇ ਹੋ" ਤੇ ਨਾਲ ਹੀ ਉਸ ਦੇ ਕਦਮਾਂ ਵਿਚ ਹਰਕਤ ਆ ਗਈ। ਉਹ ਬੜੀ ਚੌਕਸੀ ਨਾਲ ਆਪਣੇ ਆਪ ਨੂੰ ਸਮੇਟ ਸੁਕੇੜ ਕੇ ਕੇਵਲ ਦਹਲੀਜ਼ ਹੀ ਟੱਪੀ।

"ਕਹਾਂ ਕੀ ਰਹਿਨੈ ਵਾਲੀ ਹੋ ਕੱਲੋ?"

"ਬੰਗਾਲ ਕੀ।"

"ਅਰੇ! ਤੁਮ ਲੋਗ ਇਤਨੀ ਦੂਰ ਚਲੇ ਆ ਗਏ?" ਉਧਰ ਤੁਮ੍ਹੇਂ ਕਾਮ ਨਹੀਂ ਮਿਲਤਾ ਥਾ ਕਯਾ?"

"ਭਗਵਾਨ ਕੀ ਇੱਛਾ ਹੈ ਦਾਦਾ। ਜਹਾਂ ਪਰ ਰੋਜ਼ੀ ਬਨੀ ਹੋਤੀ ਹੈ, ਵਹੀਂ ਪਰ ਜਾਨਾ ਹੋਤਾ ਹੈ।"

ਉਸ ਦੇ ਮੂੰਹੋਂ ਇਹ ਘੜੀ ਮੁੜੀ ਜਿਹੜਾ 'ਦਾਦਾ' ਸ਼ਬਦ ਮੈਂ ਆਪਣੇ ਸੰਬੋਧਨ ਵਿਚ ਸੁਣ ਕੇ ਕਚੀਚੀਆਂ ਵੱਟਦਾ ਸਾਂ, ਇਸ ਦਾ ਭੇਦ ਝਟ ਹੀ ਮੇਰੇ ਉਤੇ ਖੁਲ੍ਹ ਗਿਆ। ਮੈਨੂੰ ਯਾਦ ਆ ਗਿਆ ਕਿ ਬੰਗਲਾ ਬੋਲੀ ਵਿਚ ਵੱਡੇ ਭਰਾ ਨੂੰ 'ਦਾਦਾ' ਕਹਿ ਕੇ ਬੁਲਾਇਆ ਜਾਂਦਾ ਹੈ। ਟੁੱਟੀ ਭੱਜੀ ਬੰਗਲਾ ਜਾਣਦਾ ਹਾਂ।

ਮੈਂ ਸੋਚ ਰਿਹਾ ਸਾਂ—ਪਿਆਰ ਦੀ ਕਿੱਡੀ ਭੁੱਖ ਹੈ ਇਸ ਕੁੜੀ ਦੇ ਅੰਦਰ। ਤੇ ਸ਼ਾਇਦ ਇਸੇ ਚੀਜ਼ ਦੀ ਅਪ੍ਰਾਪਤੀ ਨੇ ਇਸ ਦੇ ਸੁਭਾ ਵਿਚ ਹਿੰਸਾ ਤੇ ਨਫ਼ਰਤ ਭਰ ਦਿੱਤੀ ਹੈ। ਨਫ਼ਰਤ ਦੀ ਦੁਨੀਆਂ ਵਿਚ ਇਹ ਜੰਮੀ ਤੇ ਤ੍ਰਿਸਕਾਰ ਦੀ ਖ਼ੁਰਾਕ ਖਾ ਕੇ ਪਲੀ ਹੈ। ਵਿਚਾਰੀ ਸਾਰਾ ਦਿਨ ਲੋਕਾਂ ਦੀ ਗੰਦਗੀ ਢੋਂਦੀ ਹੈ, ਪਰ ਬਦਲੇ ਵਿਚ ਇਸ ਨੂੰ ਮਿਲਦਾ ਕੀ ਹੈ? ਗਾਲ੍ਹਾਂ, ਝਿੜਕਾਂ ਤੇ ਕਦੀ ਕਦੀ ਛਿੱਤਰ ਪੋਲਾ ਵੀ। ਮਾਨੋਂ ਕੱਲੋ ਲਈ ਇਹ ਜ਼ਿੰਦਗੀ 'ਨਫ਼ਰਤ' ਦਾ ਹੀ ਦੂਸਰਾ ਨਾਂ ਹੈ। ਦੁਨੀਆਂ ਇਸ ਨੂੰ ਨਫ਼ਰਤ ਕਰਦੀ ਹੈ, ਤੇ ਇਹ ਦੁਨੀਆਂ ਨੂੰ। ਪਰ ਇੰਨਾ ਹੋਣ ਤੇ ਵੀ ਕੀ ਪਿਆਰ ਦੀ ਭੁੱਖ ਇਸ ਦੀ ਮਰ ਗਈ? ਸ਼ਾਇਦ ਨਹੀਂ। ਇਹ ਦੁਨੀਆਂ ਕਿਤਨੀ ਨਾਦਾਨ—ਕਿਤਨੀ ਬੇਸਮਝ ਤੇ ਕੰਜੂਸ ਹੈ, ਕਿ ਚਾਰ ਮਿੱਠੇ ਬੋਲ, ਜਿਨ੍ਹਾਂ ਉਤੇ ਕਿਸੇ ਦਾ ਕੁਝ ਵੀ ਮੁਲ ਨਹੀਂ ਲਗਦਾ, ਨਾ ਦੇ ਕੇ ਇਹ ਅਣਗਿਣਤ ਜੀਆਂ ਨੂੰ ਆਦਮੀ ਤੋਂ ਪਸ਼ੂ ਬਣਾ ਦੇਂਦੀ ਹੈ। ਕੱਲੋ ਕਿਉਂ ਹਰ ਕਿਸੇ ਨੂੰ ਨਫ਼ਰਤ ਕਰਦੀ ਹੈ, ਜਦ ਕਿ ਉਸ ਦੇ ਸੀਨੇ ਵਿਚ ਇਤਨਾ ਕੋਮਲ, ਇਤਨਾ ਨਿੱਘਾ ਦਿਲ ਮੌਜੂਦ ਹੈ? ਕੀ ਏਸੇ ਕਰਕੇ ਕਿ ਦੁਨੀਆਂ ਨੇ ਉਸ ਨੂੰ ਨਿਗੂਣੇ ਚਹੁੰ ਮਿੱਠੇ ਬੋਲਾਂ ਤੋਂ ਵੀ ਵਾਂਝਿਆ ਰਖਿਆ ਹੈ? ਕੱਲੋ, ਜਿਹੜੀ ਕਿਸੇ ਅਜਨਬੀ ਦੇ ਕਹੇ ਹੋਏ ਝੂਠੀ ਮੂਠੀ ਦੇ 'ਭੈਣ' ਸ਼ਬਦ ਨੂੰ ਇਤਨੇ ਸਤਿਕਾਰ ਨਾਲ ਦਿਲ ਦੀ ਪਿਟਾਰੀ ਵਿਚ ਸਾਂਭ ਕੇ ਰਖ ਸਕਦੀ ਹੈ, ਕੀ ਇਹ ਨਫ਼ਰਤ ਦੀ ਹੱਕਦਾਰ ਹੈ? ਕਾਸ਼! ਦੁਨੀਆਂ ਵਾਲੇ! ਕਦੀ ਅੱਖਾਂ ਖੋਲ੍ਹ ਕੇ ਤੱਕ ਸਕਦੇ।

ਉਹ ਦਹਿਲੀਜ਼ ਅੰਦਰ ਹੋ ਜਾਣ ਤੇ ਵੀ ਵਾਛੜ ਦੀ ਮਾਰ ਤੋਂ ਬਚ ਨਾ ਸਕੀ। ਮੈਂ ਜਦ ਉਸ ਨੂੰ ਇਕ ਵਾਰੀ ਫੇਰ ਅੰਦਰ ਆ ਜਾਣ ਲਈ ਕਿਹਾ, ਤਾਂ ਬੋਲੀ—"ਪਰ ਭੀਤਰ ਤੋਂ ਤੁਮ੍ਹਾਰੇ ਬਰਤਣ ਪੜੇ ਹੈਂ ਦਾਦਾ।"

"ਤੋ ਕਯਾ ਹਰਜ਼ ਹੈ। ਬਰਤਨ ਕਿਸੀ ਦੂਸਰੇ ਕੇ ਨਹੀਂ—ਤੁਮ੍ਹਾਰੇ ਦਾਦਾ ਕੇ ਹੀ ਤੋ ਹੈਂ।"

ਜਾਪਦਾ ਸੀ ਜਿਵੇਂ ਮੇਰਾ ਇਹ ਵਾਕ ਸੁਣ ਕੇ ਕੱਲੋ ਇਕ ਵਾਰਗੀ ਕਿਸੇ ਮਿਠਾਸ ਦੀ ਡੂੰਘਾਈ ਵਿਚ ਗੁਆਚ ਗਈ। ਉਹ ਅੰਦਰ ਲੰਘ ਆਈ, ਪਰ ਸ਼ਾਇਦ ਉਸ ਨੂੰ ਡਰ ਸੀ, ਮਤੇ ਉਸ ਦੇ ਕੱਪੜਿਆਂ ਵਿਚੋਂ ਚੋ ਰਹੇ ਪਾਣੀ ਨਾਲ ਕਮਰੇ ਦਾ ਫ਼ਰਸ਼ ਗਿੱਲਾ ਹੋ ਜਾਵੇ।

ਉਹ ਥੋੜ੍ਹੀ ਥੋੜ੍ਹੀ ਕੰਬ ਰਹੀ ਸੀ। ਮੇਰਾ ਦਿਲ ਚਾਹਿਆ ਕਿ ਬਿਸਤਰੇ ਤੋਂ ਕੰਬਲ ਚੁਕ ਕੇ ਉਸ ਦੇ ਮੋਢਿਆਂ ਤੇ ਸੁਟ ਦਿਆਂ, ਪਰ ਇਤਨੀ ਫ਼ਰਾਖ਼-ਦਿਲੀ ਮੈਂ ਵਿਖਾਲ ਨਾ ਸਕਿਆ—ਕੰਬਲ ਦੇ ਭਿੱਜ ਜਾਣ ਦੇ ਖ਼ਿਆਲੋਂ, ਅਥਵਾ ਇਸ ਖ਼ਿਆਲੋਂ ਕਿ ਕੱਲੋ ਦੇ ਗਲੀਜ਼ ਕੱਪੜਿਆਂ ਨਾਲ ਛੂਹ ਕੇ ਗੰਦਾ ਹੋ ਜਾਏਗਾ। ਕੇਵਲ ਮੈਂ ਇਤਨਾ ਹੀ ਕਰ ਸਕਿਆ ਕਿ ਦੋ ਚਾਰ ਵਾਰੀ ਕਹਿ ਕੇ ਮੈਂ ਉਸ ਨੂੰ ਦਲ੍ਹੀਜ਼ ਤੋਂ ਇਤਨਾ ਅੰਦਰ ਸੱਦ ਲਿਆ ਕਿ ਵਾਛੜ ਤੋਂ ਉਹ ਸੁਰੱਖਿਅਤ ਸੀ।

ਬਾਹਾਂ ਹਿੱਕ ਨਾਲ ਲਾਈ, ਉਹ ਕੰਬਦੀ ਹੋਈ ਮੈਨੂੰ ਪੁਛਣ ਲਗੀ, "ਤੁਮ ਕਹਾਂ ਰਹਿਤੇ ਹੋ ਦਾਦਾ?"

"ਅੰਮ੍ਰਿਤਸਰ ਮੇਂ।"

"ਯਹਾਂ ਕਿਤਨੇ ਦਿਨ ਠਹਿਰੋਗੇ?"

"ਠਹਿਰਨਾ ਤੋਂ ਕੁਛ ਜ਼ਿਆਦਾ ਦਿਨ ਹੈ, ਪਰ ਇਸ ਮਕਾਨ ਸੇ ਸ਼ਾਇਦ ਕਲ੍ਹ ਹੀ ਚਲਾ ਜਾਊਂਗਾ।"

"ਕਿਉਂ?"

"ਯਹਾਂ ਪਰ ਸ਼ੋਰ ਬਹੁਤ ਰਹਿਤਾ ਹੈ। ਲਿਖਨੇ ਮੇਂ ਤਕਲੀਫ ਹੋਤੀ ਹੈ।"

ਕੁਝ ਸੋਚਦੀ ਰਹੀ, ਤੇ ਫਿਰ ਮੇਰੇ ਵਰਕਿਆਂ ਵੱਲ ਤੱਕ ਕੇ ਪੁਛਣ ਲੱਗੀ "ਯੇ ਤੁਮ ਕਯਾ ਲਿਖਾ ਕਰਤੇ ਹੋ ਦਾਦਾ?"

"ਕਤਾਬੇਂ ਲਿਖਤਾ ਹੂੰ।"

"ਪਰ ਕਿਤਾਬ ਕੇ ਹਰਫ ਤੋ ਔਰ ਤਰ੍ਹੇ ਕੇ ਹੋਤੇ ਹੈਂ—ਛੋਟੇ ਛੋਟੇ ਸਾਫ਼ ਸਾਫ਼।"

"ਯੇ ਭੀ ਵੈਸੇ ਹੀ ਬਨ ਜਾਏਗੇਂ।"

"ਮਸ਼ੀਨ ਮੇਂ ਡਾਲਨੇ ਸੇ ?"

"ਹਾਂ।"

"ਮੇਰਾ ਮਾਮੂ ਕਹਿਤਾ ਰਹਾ ਕਿ ਠੋ ਮਸੀਨ ਹੋਤੀ ਹੈ, ਜਿਸ ਮੇਂ ਕਿਤਾਬ ਛਾਪੀ ਜਾਤੀ ਹੈ।

"ਉਸੀ ਮੇਂ ਯੇ ਭੀ ਛਾਪੀ ਜਾਏਗੀ।"

"ਅੰਬਰਸਰ ਮੇਂ ਐਸੀ ਮਸ਼ੀਨੇਂ ਹੈਂ ?

"ਬਹੁਤ ਹੈਂ ?"

"ਔਰ ਕਾਗ਼ਜ਼ ਭੀ ਉਸੀ ਮਸੀਨ ਮੇਂ ਬਨ ਜਾਤਾ ਹੈਂ ?"

"ਹਾਂ ਸਭ ਕੁਛ ਉਸੀ ਮੇਂ ਬਣ ਜਾਤਾ ਹੈ।"

"ਐਸੀ ਮਸੀਨ ?"

"ਤੁਮ ਪੜ੍ਹਨਾ ਜਾਨਤੀ ਹੋ ਕੱਲੋ ?"

"ਨਹੀਂ ਦਾਦਾ, ਹਮ ਲੋਗ ਨਹੀਂ ਪੜ੍ਹਾ ਕਰਤੇ। ਮੇਰਾ ਏਕ ਨੋ ਚਚੇਰਾ ਭਾਈ ਰਹਾ, ਉਸਨੇ ਰੰਗਰੇਜੀ ਪੜ੍ਹੀ ਥੀ, ਔਰ ਫਿਰ ਕ੍ਰਿਸਟਾਨ (ਇਸਾਈ) ਬਨ ਗਇਆ। ਅੱਛਾ ਦਾਦਾ, ਅੰਬਰਸਰ ਮੇਂ ਭੀ ਪਾਨੀ (ਬਾਰਸ਼) ਪੜਤਾ ਹੈ ?"

"ਹਾਂ ਪੜਤਾ ਹੈ ਪਰ ਬਹੁਤ ਨਹੀਂ !"

"ਵਹਾਂ ਤੁਮਾਰਾ ਕੌਨ ਕੌਨ ਹੈ ਦਾਦਾ ?"

"ਔਰਤ ਹੈ, ਬੱਚੇ ਹੈਂ ?"

ਕੈੱਠ (ਕਿਤਨੇ) ਬੱਚੇ ਹੈਂ ?"

"ਤੀਨ।"

"ਲੜਕੇ ਹੈਂ ?"

"ਹਾਂ।"

"ਔਰ ਲੜਕੀ ?"

"ਲੜਕੀ ਕੋਈ ਨਹੀਂ।"

"ਤਬ ਤੋਂ ਬਹੁਤ ਭਾਗਵਾਨ ਹੋ ਦਾਦਾ।"

"ਇਸ ਮੇਂ ਭਾਗ ਕੀ ਕਿਆ ਬਾਤ ਰਹੀ?"

"ਅਰੇ ਦਾਦਾ, ਲੜਕੀ ਜਿਸ ਕੇ ਘਰ ਮੇਂ ਨ ਹੋ, ਵੋ ਭਾਗਵਾਨ ਤੋਂ ਹੋਗਾ ਹੀ। ਮੇਰੀ ਚਾਰ ਠੋ ਬਹਿਨੇ ਹੈਂ, ਔਰ ਭਾਈ ਏਕ ਭੀ ਨਹੀਂ ਹੈ। ਮਾਂ ਬਾਪ ਵਿਚਾਰੇ ਹਰ ਬਖਤ..." ਤੇ ਗੱਲ ਕਰਦੀ ਕਰਦੀ ਉਹ ਬਾਹਰ ਵੱਲ ਤੱਕ ਕੇ ਚੁੱਪ ਹੋ ਗਈ। ਮੀਂਹ ਠਹਿਰ ਚੁਕਾ ਸੀ। ਉਹ ਬੋਲੀ—"ਅੱਛਾ ਦਾਦਾ ਪਾਨੀ ਥੰਮ ਗਿਆ, ਅਬ ਜਾਊਂਗੀ। ਬਹੁਤ ਕਾਮ ਕਰਨਾ ਹੈ" ਉਸ ਨੇ ਬਾਹਰ ਨਿਕਲ ਕੇ ਝਾੜੂ ਛਾਬਾ ਦਰੱਖਤ ਨਾਲੋਂ ਚੁਕਿਆ, ਤੇ ਮਹੱਲੇ ਚੋਂ ਬਾਹਰ ਨਿਕਲ ਗਈ। ਉਹ ਦੋਵੇਂ ਕਿੰਗਰੇਦਾਰ ਸਿੱਕੇ—ਜਿਹੜੇ ਮੈਂ ਉਸ ਵੱਲ ਸੁਟੇ ਸਨ, ਉਸੇ ਥਾਂ ਪਏ ਰਹੇ।

ਮੁੜ ਮੈਨੂੰ ਥਾਂ ਬਦਲਣ ਦੀ ਲੋੜ ਨਹੀਂ ਪਈ। ਇਸ ਤੋਂ ਬਾਅਦ ਜਿੰਨੇ ਦਿਨ ਮੈ ਉਥੇ ਰਿਹਾ, ਬੜੇ ਅਰਾਮ ਵਿਚ ਬੀਤੇ। ਮੇਰੇ ਕੰਮ ਵਿਚ ਕਦੇ ਕੋਈ ਵਿਘਨ ਨਹੀਂ ਪਿਆ। ਕੱਲੋ ਆਪਣੇ ਨਿਯਤ ਵਕਤ ਸਿਰ ਆਉਂਦੀ, ਮਹੱਲਾ ਸੰਬਰਦੀ, ਘਰਾਂ ਦੀ ਸਫਾਈ ਕਰਦੀ, ਤੇ ਜਾਣ ਤੋਂ ਪਹਿਲਾਂ ਦੋ ਘੜੀਆਂ ਮੇਰੇ ਕੋਲ ਠਹਰਦੀ। ਕੁਝ ਏਧਰ ਓਧਰ ਦੀਆਂ ਗੱਲਾਂ ਕਰਦੀ, ਤੇ ਫੇਰ ਚਲੀ ਜਾਂਦੀ। ਓਹੀ ਕੱਲੋ, ਜਿਹੜੀ ਪਹਿਲਾਂ ਤੂਫ਼ਾਨ ਮੇਲ ਬਣੀ ਰਹਿੰਦੀ ਸੀ, ਹੁਣ ਅੱਖ 'ਚ ਪਾਈ ਨਹੀਂ ਸੀ ਰੜਕਦੀ। ਜੋ ਕੁਝ ਵੀ ਕੋਈ ਉਸ ਨੂੰ ਕਹਿੰਦਾ, ਬਿਨਾ ਕੰਨ ਬਿੜਕਿਆਂ ਕਰਨ ਲਗ ਜਾਂਦੀ। ਕੀ ਮਜ਼ਾਲ ਜੋ ਅਲਫੋਂ ਬੇ ਕਹਿ ਜਾਵੇ। ਇਥੋਂ ਤਕ ਕਿ ਜੇ ਮਹੱਲੇ ਵਿਚ ਬਾਲਾਂ ਨੂੰ ਰੌਲਾ ਪਾਂਦਿਆਂ ਵੇਖਦੀ ਤਾਂ ਝਟ ਪਿਆਰ ਨਾਲ ਕਹਿਣ ਲਗ ਪੈਂਦੀ—"ਸ਼ੋਰ ਮਤ ਕਰੋ ਨੰਨੇਂ! ਉਧਰ ਸਰਦਾਰ ਬਾਬੂ ਲੀਖ ਰਹੇਂ ਹੈਂ—ਖਫਾ ਹੋਂਗੇ।"

ਨਾਵਲ ਦਾ ਕੰਮ ਸਫਲਤਾ ਨਾਲ ਸਿਰੇ ਚੜ੍ਹ ਗਿਆ, ਤੇ ਜਿੰਨੇ ਦਿਨ ਰਹਿਣ ਦਾ ਮੇਰਾ ਟੀਚਾ ਸੀ; ਪੂਰਾ ਹੋ ਗਿਆ। ਮੈਂ ਵਾਪਸ ਜਾਣ ਦੀ ਤਿਆਰੀ ਕਰਨ ਲੱਗਾ।

ਟੁਰਨ ਤੋਂ ਪਹਿਲੇ ਦਿਨ ਦਾ ਜ਼ਿਕਰ ਹੈ, ਕੱਲੋ ਕੰਮ ਕਾਰ ਤੋਂ ਵੇਹਲੀ ਹੋ ਕੇ ਜਦ ਮੇਰੇ ਪਾਸ ਆ ਖੜੋਤੀ ਤਾਂ ਮੈਂ ਉਸਨੂੰ ਕਿਹਾ—"ਕਲ੍ਹ ਹਮ ਚਲੇ ਜਾਏਂਗੇ ਕੱਲੋ ਰਾਨੀ।"

"ਚਲੇ ਜਾਓਗੇ ਦਾਦਾ?" ਉਸਨੇ ਸ਼ਾਇਦ ਕੁਝ ਘਬਰਾ ਕੇ ਕਿਹਾ।

ਜਿਵੇਂ ਕਿਸੇ ਬਹੁਤ ਹੀ ਨਜ਼ਦੀਕੀ ਰਿਸ਼ਤੇਦਾਰ ਨੂੰ ਕਹੀਦਾ ਹੈ। ਤੇ ਆਪਣੇ ਇਸ ਕਹਿਣ ਢੰਗ ਤੋਂ ਜਿਵੇਂ ਆਪ ਹੀ ਕੁਝ ਪਚੀ ਜਿਹੀ ਹੋ ਗਈ। ਫਿਰ ਜ਼ਰਾ ਗੰਭੀਰਤਾ ਵਿਚ ਬੋਲੀ—ਇੱਤੀ ਜਲਦੀ ਕਿਉਂ ਜਾ ਰਹੇ ਹੋ ਦਾਦਾ?"

"ਜਲਦੀ ਕਹਾਂ—ਏਕ ਮਹੀਨੇ ਕੇ ਕਰੀਬ ਹੋ ਗਿਆ ਕੱਲੋ!"

"ਫਿਰ ਕਬ ਆਓਗੇ?"

"ਭਗਵਾਨ ਨੇ ਚਾਹਾ ਤੇ ਦੂਸਰੇ ਸਾਲ।"

ਉਹ ਕਾਫੀ ਚਿਰ ਚੁਪ ਚਾਪ ਖੜੋਤੀ ਰਹੀ। ਉਸ ਦੇ ਚਿਹਰੇ ਤੋਂ ਮੈਂ ਜਾਣ ਨਾ ਸਕਿਆ ਕਿ ਕੀ ਸੋਚ ਰਹੀ ਸੀ।

"ਜ਼ਰਾ ਇਧਰ ਆਨਾ ਕੱਲੋ" ਮੈਂ ਜੇਬ ਵਿਚ ਹੱਥ ਪਾਂਦਿਆਂ ਉਸ ਨੂੰ ਕਿਹਾ ਤੇ ਉਹ ਬਿਨਾਂ ਹਿਚਕਿਚਾਹਟ ਮੇਰੇ ਕੋਲ ਆ ਖੜੋਤੀ। ਮੈਂ ਉਸ ਵੇਲੇ ਮੰਜੇ ਤੇ ਬੈਠਾ ਸਾਂ। ਜੇਬ ਚੋਂ ਇਕ ਰੁਪਿਆ ਕੱਢ ਕੇ ਉਸ ਦੇ ਹੱਥ ਤੇ ਧਰਿਆ, ਤੇ ਉਸ ਦੇ ਸਿਰ ਤੇ ਹੱਥ ਫੇਰਿਆ।

ਉਸ ਨੇ ਇਕ ਵੇਰਾਂ ਮੋੜਨ ਦਾ ਯਤਨ ਕੀਤਾ ਪਰ ਜਦ ਮੇਰੇ ਮੂੰਹੋਂ ਉਸ ਸੁਣਿਆ—"ਆਪਣੇ ਦਾਦਾ ਕੋ ਨਰਾਜ਼ ਕਰੋਗੀ?" ਤਾਂ ਉਸਨੇ ਪ੍ਰਸੰਨਤਾ ਨਾਲ ਉਸ ਨੂੰ ਰੱਖ ਲਿਆ। ਦੂਜੇ ਦਿਨ ਸਵੇਰੇ ਮੇਰਾ ਮਿੱਤਰ ਆਪਣੇ ਵਕਤ ਸਿਰ ਮੈਨੂੰ ਫਤੇ ਬੁਲਾ ਕੇ ਕੰਮ ਤੇ ਚਲਾ ਗਿਆ, ਤੇ ਮੈਂ ਸਮਾਨ ਬੰਨ੍ਹਣ ਵਿਚ ਰੁਝ ਗਿਆ ਪਰ ਧਿਆਨ ਮੇਰਾ ਬਰਾਬਰ ਮਹੱਲੇ ਦੇ ਸਿਰੇ ਵੱਲ ਸੀ। ਜਾਣ ਤੋਂ ਪਹਿਲਾਂ ਹੋਰ ਇਕ ਵਾਰੀ ਕੱਲੋ ਨੂੰ ਮਿਲਣ ਦੀ ਡਾਢੀ ਹੀ ਤਾਂਘ ਸੀ। ਮੇਰਾ ਵਿਸ਼ਵਾਸ਼ ਸੀ ਕਿ ਉਹ ਆਵੇਗੀ।

ਮੋਟਰ ਦਾ ਵਕਤ ਹੋ ਗਿਆ, ਪਰ ਕੱਲੋ ਨਾ ਆਈ। ਦਿਲ ਨੂੰ ਨਿਰਾਸ਼ਾ ਹੋਈ। ਛੇਕੜ ਕੁਲੀ ਪਾਸੋਂ ਸਾਮਾਨ ਚੁਕਵਾ ਕੇ ਮੈਂ ਅੱਡੇ ਤੇ ਜਾ ਪਹੁੰਚਿਆ, ਪਰ ਨਜ਼ਰ ਮੇਰੀ ਅਜੇ ਵੀ ਸੜਕ ਦੇ ਦੁਹਾਂ ਸਿਰਿਆਂ ਤੀਕ ਫਿਰਦੀ ਹੋਈ ਕੱਲੋ ਦੀ ਭਾਲ ਕਰ ਰਹੀ ਸੀ।

ਜਿਉਂ ਜਿਉਂ ਮੋਟਰ ਤੁਰਨ ਦਾ ਵਕਤ ਨੇੜੇ ਆਈ ਜਾਂਦਾ, ਮੇਰੇ ਦਿਲ ਦੀ ਬੇ ਆਰਾਮੀ ਵਧਦੀ ਜਾਂਦੀ। ਮੈਨੂੰ ਅਜੇ ਵੀ ਉਮੇਦ ਸੀ ਕਿ ਕੱਲੋ ਆਵੇਗੀ, ਪਰ ਉਹ ਨਾ ਆਈ। ਕਲੀਨਰ ਨੇ ਵਊਚਰ ਕਟਵਾਇਆ, ਡਰਾਈਵਰ ਨੇ ਤਾਕੀ ਖੋਲ੍ਹੀ, ਤੇ ਆਪਣੀ ਸੀਟ ਤੇ ਆ ਬੈਠਾ। ਭਾਵੇਂ ਕੱਲੋ ਦੇ ਆਉਣ

ਦੀ ਹੁਣ ਮੈਨੂੰ ਕੋਈ ਆਸ ਨਹੀਂ ਸੀ, ਫੇਰ ਵੀ ਮੈਂ ਤਦ ਤੀਕ ਬਾਹਰ ਹੀ ਖੜੋਤਾ ਰਿਹਾ, ਜਦ ਤਕ ਡਰਾਵੀਅਰ ਨੇ ਸਵਾਰੀਆਂ ਨੂੰ ਸੱਦਣ ਲਈ ਹਾਰਨ ਨਾ ਵਜਾ ਦਿਤਾ।

ਮੈਂ ਢਿੱਲੇ ਢਿੱਲੇ ਕਦਮੀਂ ਬਾਰੀ ਵੱਲ ਮੁੜਿਆ, ਤੇ ਅੰਦਰ ਲੰਘ ਕੇ ਆਪਣੀ ਸੀਟ ਤੇ ਜਾ ਬੈਠਾ—ਡਰਾਈਵਰ ਦੀ ਪਿੱਠ ਪਿਛੇ ਮੇਰੀ ਸੀਟ ਸੀ।

ਜਿਉਂ ਹੀ ਇੰਜਨ ਸਟਾਰਟ ਹੋਇਆ ਕਿ ਕੱਲੋ ਮੇਰੀ ਨਜ਼ਰੀਂ ਪਈ। ਉਸ ਨੇ ਸਿਰ ਤੇ ਇਕ ਲੰਮੀ ਟੋਕਰੀ ਚੁਕੀ ਹੋਈ ਸੀ, ਤੇ ਬੜੀ ਔਖੀ ਹੋ ਕੇ, ਸਾਰਾ ਜ਼ੋਰ ਲਾ ਕੇ ਮੋਟਰ ਵੱਲ ਭੱਜੀ ਆ ਰਹੀ ਸੀ।

"ਮਿਸਟਰ ਡਰਾਈਵਰ! ਜ਼ਰਾ ਇਕ ਮਿੰਟ, ਬੜੀ ਮਿਹਰਬਾਨੀ" ਮੈਂ ਮਿੰਨਤ ਕੀਤੀ, ਤੇ ਨੇਕ ਡਰਾਈਵਰ ਮੰਨ ਗਿਆ। ਮੈਂ ਛਲਾਂਗ ਮਾਰ ਕੇ ਹੇਠਾਂ ਉਤਰਿਆ।

ਪੂਰੀ ਤੇਜ਼ੀ ਨਾਲ ਦੌੜ ਕੇ ਮੈਂ ਕੱਲੋ ਨੂੰ ਅਗਲਵਾਂਡੇ ਜਾ ਮਿਲਿਆ, ਤੇ ਉਸ ਪਾਸੋਂ ਛਿੱਕੂ ਫੜ ਲਿਆ। ਉਹ ਸਾਹੋ ਸਾਹੀ ਸੀ ਭਾਰ ਚੁਕ ਕੇ ਦੌੜਨ ਕਰਕੇ ਚਿਹਰਾ ਉਸਦਾ ਸੂਹਾ ਬਨਾਤੇ ਹੋ ਰਿਹਾ ਸੀ।

"ਮੁਝੇ ਦੇਰ ਹੋ ਗਈ ਦਾਦਾ" ਸਾਹ ਨਾਲ ਸਾਹ ਮੇਲਣ ਦੀ ਕੋਸ਼ਸ਼ ਕਰਦੀ ਹੋਈ ਬੋਲੀ—"ਯੇ ਥੋੜੇ ਸੇ ਆਮ ਲਾਈ ਹੂੰ ਅਪਨੀ ਭਾਵਜ ਕੇ ਲੀਏ। ਇਨ੍ਹੇ ਲੇਲੋਗੇ ਦਾਦਾ? ਅਪਨੀ ਕਸਮ, ਮੈਨੂੰ ਇਨਕੋ ਛੂਆ ਨਹੀਂ ਹੈ।" ਤੇ ਉਹ ਮੇਰੇ ਵਲ ਇਸ ਤਰ੍ਹਾਂ ਤੱਕੀ, ਜਿਵੇਂ ਦਾਨ ਮੰਗ ਰਹੀ ਹੋਵੇ।

"ਕਿਉਂ ਨਹੀਂ ਲੂੰਗਾ ਰਾਨੀ" ਮੈਂ ਬੜੇ ਪਿਆਰ ਨਾਲ ਉਸ ਦਾ ਸਿਰ ਪਲੋਸਦਾ ਹੋਇਆ ਮੋਟਰ ਵੱਲ ਜਾ ਰਿਹਾ ਸਾਂ—"ਅਗਰ ਤੁਮ ਯੇ ਨਾ ਲਾਤੀ ਤੋਂ ਮੈਂ ਤੁਮ ਪਰ ਬਹੁਤ ਨਾਰਾਜ਼ ਹੋਤਾ।"

ਕੱਲੋ ਖਿੜ ਗਈ। ਉਸ ਦੇ ਚਿਹਰੇ ਉਤੇ ਨਾ ਸੰਭਾਲੇ ਜਾ ਸਕਣ ਵਾਲੀ ਖੁਸ਼ੀ ਦੇ ਭਾਵ ਸਨ—"ਤੁਮ ਕਿਤਨੇ ਅੱਛੇ ਹੋ ਦਾਦਾ! ਮੁਝੇ ਤੋਂ ਬੜਾ ਫਿਕਰ ਥਾ—ਜਾਨੇ ਦਾਦਾ ਲੇਂਗੇ ਯਾ ਨਹੀਂ।"

ਹਾਰਨ ਫੌਰਨ ਵਜਿਆ, ਜਿਹੜਾ ਕੇਵਲ ਮੈਨੂੰ ਹੀ ਸੱਦਣ ਲਈ ਸੀ। ਟੋਕਰੀ ਮੈਂ ਛਤ ਤੇ ਰਖਵਾ ਦਿਤੀ, ਤੇ ਅੰਦਰ ਬੈਠਣ ਤੋਂ ਪਹਿਲਾਂ ਮੈਂ ਆਪਣੀ ਉਸ ਪਿਆਰੀ ਦੀ ਦੇਵੀ ਨੂੰ "ਅੱਛਾ ਕੱਲੋ ਰਾਨੀ, ਹਮ ਫਿਰ ਮਿਲੇਂਗੇ" ਕਹਿੰਦਿਆਂ

ਕਹਿੰਦਿਆਂ ਉਸ ਨੂੰ ਚੁੰਮਣ ਲਈ ਅਗਾਂਹ ਹੋਇਆ, ਪਰ ਆਪਣੀ ਸਿੱਕ ਨੂੰ ਅਧੂਰੀ ਹੀ ਲੈ ਕੇ ਬਾਰੀ ਵੱਲ ਮੁੜ ਪਿਆ—ਲੋਕ-ਰਾਜ ਨੇ ਮੈਨੂੰ ਰੋਕ ਲਿਆ !

ਉਸ ਦੀਆਂ ਅੱਖਾਂ ਵਿਚੋਂ ਡਲ੍ਹਕਦੇ ਅੱਥਰੂਆਂ ਨੂੰ ਮੈਂ ਆਪਣੇ ਰੁਮਾਲ ਉਤੇ ਬੋਚ ਲੈਣਾ ਚਾਹਿਆ, ਪਰ ਚੰਦਰੀ ਲੋਕ-ਰਾਜ ਨੇ ਮੈਨੂੰ ਇਹ ਵੀ ਨਾ ਕਰਨ ਦਿਤਾ। ਸ਼ਧਰਾਵੀਂ ਤੇ ਅਪੂਰਨ ਮੁਲਾਕਾਤ ਦਾ ਬੰਧਨ ਤੋੜਕੇ ਮੈਂ ਸੀਟ ਤੇ ਆ ਬੈਠਾ। ਮੇਰੇ ਅੰਦਰੋਂ ਕਾਮਨਾ ਉਠ ਰਹੀ ਸੀ—ਰੱਬ ਕਰੇ, ਪੰਜਾਂ ਦਸਾਂ ਮਿੰਟਾਂ ਲਈ ਮੋਟਰ ਦੇ ਇੰਜਣ ਵਿਚ ਕੋਈ ਨੁਕਸ ਪੈ ਜਾਵੇ, ਜਾਂ ਡਰਾਈਵਰ ਦਫਤਰ ਵਿਚ ਕੋਈ ਜ਼ਰੂਰੀ ਚੀਜ਼ ਭੁਲ ਆਇਆ ਹੋਵੇ, ਪਰ ਕੁਝ ਵੀ ਨਾ ਹੋਇਆ।

ਮੋਟਰ ਤੁਰ ਪਈ। ਬਾਰੀ ਵਿਚੋਂ ਸਿਰ ਕੱਢੀ ਮੈਂ ਬਰਾਬਰ ਕੱਲੋਂ ਵੱਲ ਤਕਦਾ ਰਿਹਾ। ਉਸ ਦੀਆਂ ਅੱਖਾਂ ਵਿਚ ਛਲਕਦੇ ਅੱਥਰੂ, ਫਿਰ ਉਸ ਦਾ ਧੁੰਧਲਾ ਜਿਹਾ ਚਿਹਰਾ, ਫੇਰ ਉਸ ਦਾ ਸਰੀਰ, ਜੇਹੜਾ ਸੜਕ ਦੇ ਕੰਢੇ ਮੀਲ-ਪੱਥਰ ਵਾਂਗ ਅਹਿੱਲ ਖੜਾ ਦਿਸ ਰਿਹਾ ਸੀ। ਜੋ ਇਸ ਤੋਂ ਬਾਅਦ ਪਰਛਾਵਾਂ ਜਿਹਾ ਰਹਿ ਗਿਆ, ਪਰ ਉਹ ਵੀ ਵੇਖਦਿਆਂ ਹੀ ਵੇਖਦਿਆਂ ਬਦਲਾਂ ਦੀ ਗਹਿਰਾਈ ਵਿਚ ਗੁਆਚ ਗਿਆ।

# ਰੱਬ ਆਪਣੇ ਅਸਲੀ ਰੂਪ ਵਿਚ

ਦੁਸਹਿਰਾ ਤੇ ਮੁਹੱਰਮ ਦੋਂਹ ਕੁ ਦਿਨਾਂ ਦੀ ਵਿਥ ਪਾ ਕੇ ਇੱਕਠੇ ਹੀ ਆਉਣੇ ਸਨ। ਇਸ ਤੋਂ ਥੋੜ੍ਹੇ ਦਿਨ ਪਹਿਲਾਂ ਹੀ ਦੋਵੇਂ ਕੌਮਾਂ ਆਪਣੀ ਕੌਮੀ ਬੀਰਤਾ ਦੇ ਚਮਤਕਾਰ ਦੱਸਣ ਲਈ ਤਿਆਰ-ਬਰ-ਤਿਆਰ ਹੋ ਗਈਆਂ। ਥਾਂ ਥਾਂ ਪੁਲਸੀ ਪਹਿਰੇ ਲਗ ਗਏ ਤੇ ਸਾਰੇ ਸ਼ਹਿਰ ਵਿਚ ਸਹਿਮ ਜਿਹਾ ਛਾ ਗਿਆ। ਮਜ਼੍ਹਬੀ ਅਣਖ ਪਿੱਛੇ ਮਰ ਮਿਟਣ ਲਈ ਇਸ ਤੋਂ ਚੰਗਾ ਮੌਕਾ ਹੋਰ ਕਿਹੜਾ ਹੋ ਸਕਦਾ ਸੀ! ਸਾਰੇ ਸ਼ਹਿਰ ਦੀਆਂ ਮਸੀਤਾਂ ਤੇ ਮੰਦਰ ਇਨ੍ਹਾਂ ਮਜ਼੍ਹਬੀ ਪਹਿਲਵਾਨਾਂ ਨੂੰ ਕੁਸ਼ਤੀ ਸਿਖਉਣ ਲਈ ਅਖਾੜੇ ਬਣੇ ਹੋਏ ਸਨ।

ਮੁਸਲਮਾਨਾਂ ਦਾ ਰੱਬ ਇਸ ਮਾਤਮ ਦੇ ਸਮੇਂ ਵਾਜਿਆਂ ਦੀ ਆਵਾਜ਼ ਸੁਣਨੀ ਨਹੀਂ ਚਾਹੁੰਦਾ, ਤੇ ਹਿੰਦੂਆਂ ਦਾ ਰੱਬ ਇਸ ਖੁਸ਼ੀ ਦੇ ਵੇਲੇ ਮਾਤਮੀ ਕੀਰਨੇ ਸੁਣਨੇ ਬਦ-ਸ਼ਗਨੀ ਸਮਝਦਾ ਸੀ, ਮੁੱਕਦੀ ਗੱਲ, ਦੋਵੇਂ ਰੱਬ ਆਪੋ ਆਪਣੇ ਹੱਕਾਂ ਉਤੇ ਡਟੇ ਖੜੋਤੇ ਸਨ।

ਤਾਜ਼ੀਏ ਵਾਲੇ ਦਿਨ ਤਾਂ ਬੁੱਢੇ ਮੌਲਵੀ ਦੀ ਤਕਦੀਰ ਨੇ ਹੱਦਾਂ ਤੋੜ ਦਿੱਤੀਆਂ। ਸੌ ਫੀ ਸਦੀ ਸਰੋਤੇ ਗਾਜ਼ੀ ਦੀ ਪਦਵੀ ਲਈ ਤੇ ਜੰਨਤ ਦੇ ਕਮਰੇ ਰੀਜ਼ਰਵ ਕਰਾਉਣ ਲਈ ਹੱਥ ਮਰੋੜਨ ਤੇ ਬੁਲ੍ਹ ਟੁੱਕਣ ਲੱਗ ਪਏ।

ਅੰਤ ਤਾਜ਼ੀਆ ਬੜੇ ਜ਼ੋਰ ਸ਼ੋਰ ਨਾਲ ਨਿਕਲਿਆ। ਉਸ ਵਿਚ ਨੰਗੇ ਸਿਰਾਂ ਵਾਲਿਆਂ ਨਾਲੋਂ ਲਾਲ ਪਗੜੀ ਵਾਲਿਆਂ ਦੀ ਗਿਣਤੀ ਬਹੁਤੀ ਸੀ। ਪਰ ਇਤਨਾ ਕਰੜਾ ਪ੍ਰਬੰਧ ਹੁੰਦਿਆਂ ਵੀ ਇਕ ਨੌਜਵਾਨ ਹਿੰਦੂ ਦਾ ਖ਼ੂਨ ਹੋ ਹੀ ਗਿਆ। ਇਸ ਤੋਂ ਛੁੱਟ ਕਈ ਵਾਰੀ ਫਸਾਦ ਹੁੰਦਾ ਹੁੰਦਾ ਰੁਕਿਆ।

... ... ...

ਦੁਸਹਿਰੇ ਦੀ ਝਾਕੀ ਨਿਕਲਣ ਤੋਂ ਇਕ ਦਿਨ ਪਹਿਲਾਂ ਹੀ ਮਹਾਂਬੀਰ ਦਲ ਦੇ ਗਭਰੂਆਂ ਨੇ ਸਿਰਾਂ ਤੇ ਖੱਫਣ ਬੰਨ੍ਹ ਲਏ ਤੇ ਭਗਵਾਨ ਰਾਮ ਚੰਦਰ ਜੀ ਦੇ ਨਾਂ ਉਤੇ ਆਪਣੇ ਲੂਹ ਦਾ ਛੇਕੜਲਾ ਤੁਪਕਾ ਡੋਲ੍ਹਣ ਦਾ ਪ੍ਰਣ ਕਰ ਲਿਆ।

ਇਸੇ ਸ਼ਾਮ ਨੂੰ ਬੁੱਢਾ ਮੌਲਵੀ ਘਰ ਜਾਂਦਾ ਹੋਇਆ ਆਪਣੇ ਕੁਝ ਸਿਰ ਕੱਢ ਗਭਰੂਆਂ ਨੂੰ ਚਿਤਾਉਣੀ ਕਰ ਗਿਆ ਕਿ ਦਿਨ ਚੜ੍ਹਦੇ ਤੋਂ ਪਹਿਲਾਂ ਉਹ ਉਹਦੇ ਮਕਾਨ ਤੇ ਪਹੁੰਚ ਜਾਣ।

ਮੌਲਵੀ ਹੋਰੀਂ ਘਰ ਵੱਲ ਤੁਰੇ ਜਾ ਰਹੇ ਸਨ ਤੇ ਸੋਚਦੇ ਜਾਂਦੇ ਸਨ, "ਧੰਨ ਹੈ ਉਹ ਬਹਾਦਰ ਗਾਜ਼ੀ ਜਿਸ ਨੇ ਸਭ ਤੋਂ ਪਹਿਲਾਂ ਮੇਰੇ ਹੁਕਮ ਦੀ ਤਾਮੀਲ ਕਰ ਕੇ ਇਕ ਕਾਫ਼ਰ ਨੂੰ ਟਿਕਾਣੇ ਲਾਇਆ ਹੈ। ਜੇ ਇਸੇ ਤਰ੍ਹਾਂ ਹਰ ਇਕ ਖ਼ਾਦਮਿ-ਇਸਲਾਮ ਆਪਣੇ ਅੰਦਰ ਮਜ਼੍ਹਬੀ ਜਜ਼ਬਾਤ ਪੈਦਾ ਕਰ ਲਵੇ, ਤਾਂ ਦਿਨਾਂ ਵਿਚ ਹੀ ਸਾਰੀ ਦੁਨੀਆਂ ਉਤੇ ਰੱਬੀ ਬਾਦਸ਼ਾਹਤ ਫੈਲ... ।"ਅਜੇ ਉਸ ਦੇ ਖ਼ਿਆਲਾਂ ਦੀ ਲੜੀ ਬੰਦ ਨਹੀਂ ਸੀ ਹੋਈ ਕਿ ਉਸ ਦੇ ਕੰਨਾਂ ਵਿਚ ਇਕ ਡਾਢੀ ਦਰਦ ਭਰੀ ਆਵਾਜ਼ ਪਈ, "ਲੋਕੋ! ਮੇਰਾ ਜਹਾਨ ਲੁੱਟਿਆ ਗਿਆ!"

ਦੂਜੇ ਪਲ ਹੀ ਉਸ ਦੇ ਸਾਮ੍ਹਣਿਓਂ ਇਕ ਹਿੰਦੂ ਦੀ ਅਰਥੀ ਲੰਘੀ, ਜੋ ਸਰਕਾਰੀ ਹਸਪਤਾਲ ਵਲੋਂ ਆ ਰਹੀ ਸੀ। ਉਸ ਦੇ ਪਿੱਛੇ ਪਿੱਛੇ ਇਕ ੧੯ ਕੁ ਵਰ੍ਹਿਆਂ ਦੀ ਮੁਟਿਆਰ ਫੱਟੇ ਨਾਲ ਸਿਰ ਜੋੜੀ ਤੇ ਦੋਹਾਂ ਹੱਥਾਂ ਨਾਲ ਉਸ ਨੂੰ ਥੰਮ੍ਹੀ ਤੁਰੀ ਆ ਰਹੀ ਸੀ। ਦੰਦ ਖੰਦ ਦੇ ਚੂੜੇ ਦੀਆਂ ਦੋ ਤਿੰਨ ਅੱਧ-ਟੁੱਟੀਆਂ ਚੂੜੀਆਂ ਅਜੇ ਤਕ ਉਸ ਦੀ ਵੀਣੀ ਵਿਚ ਅੜੀਆਂ ਹੋਈਆਂ ਸਨ ਤੇ ਵਿਆਹ ਦੀ ਮਹਿੰਦੀ ਅਜੇ ਉਸ ਦੇ ਨਹੁੰਆਂ ਤੇ ਬਾਕੀ ਸੀ। ਪਿਟ ਪਿਟ ਕੇ ਉਸ ਨੇ ਮੱਥੇ ਦੇ ਬਹੁਤ ਸਾਰੇ ਵਾਲ ਖੋਹ ਸੁੱਟੇ ਸਨ ਤੇ ਚਿਹਰੇ ਲਾਸਾਂ ਪਾ ਲਈਆਂ ਸਨ।

ਜਿਥੋਂ ਤੋੜੀ ਅਰਥੀ ਦਿਸਦੀ ਰਹੀ, ਮੌਲਵੀ ਦੀ ਨਜ਼ਰ ਉਸ ਵਲੋਂ ਹਟ ਨਾ ਸਕੀ। ਉਸ ਨੂੰ ਸਮਝਣ ਵਿਚ ਚਿਰ ਨਾ ਲੱਗਾ ਕਿ ਇਹ ਉਸ ਸ਼ਰਧਾਲੂ ਗਾਜ਼ੀ ਦੀ ਹੀ ਬਹਾਦਰੀ ਦਾ ਸਿੱਟਾ ਹੈ।

ਘਰ ਪਹੁੰਚਦਿਆਂ ਤਕ ਉਸ ਦੇ ਕੰਨਾਂ ਵਿਚ, "ਲੋਕੋ! ਮੇਰਾ ਜਹਾਨ ਲੁਟਿਆ ਗਿਆ!" ਵਾਕ ਗੂੰਜਦਾ ਰਿਹਾ ਤੇ ਹਜ਼ਾਰ ਕੋਸ਼ਿਸ਼ ਕਰਨ ਤੇ ਵੀ ਦੁਖੀਆਂ ਦੀ ਸ਼ਕਲ ਉਸ ਦੀਆਂ ਅੱਖਾਂ ਅੱਗੇ ਜਿਉਂ ਦੀ ਤਿਉਂ ਰਹੀ। ਉਸ ਨੇ ਉਹ ਸਾਰੀਆਂ ਦਲੀਲਾਂ ਦੇ ਦੇ ਕੇ ਦਿਲ ਨੂੰ ਸਮਝਾਇਆ, ਜਿਨ੍ਹਾਂ ਦੀ ਮਦਦ ਨਾਲ ਉਹ ਹਜ਼ਾਰਾਂ ਖ਼ਿਆਲ ਇਕ ਵਾਰਗੀ ਹੀ ਪਲਟ ਸੁੱਟਦਾ ਸੀ ਪਰ ਉਸ ਦਾ ਕੁਝ ਵੀ ਅਸਰ ਨਾ ਹੋਇਆ।

ਜਿਉਂ ਜਿਉਂ ਅਰਥੀ ਦਾ ਦ੍ਰਿਸ਼ ਉਸ ਦੇ ਸਾਹਮਣੇ ਆਉਂਦਾ ਸੀ ਉਸ ਦੇ ਅੰਦਰ ਕਸਕ ਜਹੀ ਪੈਣ ਲਗ ਪੈਂਦੀ ਤੇ ਆਮੁਹਾਰੇ ਉਸ ਦੇ ਬੁਲ੍ਹ 'ਚੋ ਨਿਕਲ ਜਾਂਦਾ, "ਲੋਕੋ! ਮੇਰਾ ਜਹਾਨ ਲੁਟਿਆ ਗਿਆ!"

ਦਸਤਰ—ਖ਼੍ਵਾਨ ਤੇ ਬੈਠ ਕੇ ਰਕੇਬੀ ਵੱਲ ਹੱਥ ਵਧਾਇਆ, ਪਰ ਫੇਰ ਪਿਛਾਂਹ ਖਿੱਚ ਲਿਆ। ਅੰਤ ਬਦੋ ਬਦੀ ਜੇ ਗਰਾਹੀ ਮੂੰਹ ਵਿਚ ਪਾਈ ਹੀ ਤਾਂ ਸੰਘੋਂ ਲੰਘਣੀ ਔਖੀ ਹੋ ਗਈ। ਉਹ ਗਰਾਹੀ ਨੂੰ ਅੰਦਰ ਧਕਦਾ ਸੀ ਤੇ ਅੰਦਰੋਂ ਕੋਈ ਚੀਜ਼ ਉਸ ਨੂੰ ਬਾਹਰ ਵੱਲ ਧਕਦੀ ਸੀ।

ਘਰ ਵਾਲੀ ਨੇ ਇਸ ਦਾ ਕਾਰਨ ਪੁਛਿਆ, ਤਾਂ ਉੱਤਰ ਦੇਣ ਦੇ ਥਾਂ ਅੱਖਾਂ ਭਰ ਲਈਆਂ। ਅੰਤ ਰਕੇਬੀ ਨੂੰ ਪਰ੍ਹਾਂ ਧੱਕ ਕੇ ਤੇ "ਤਬੀਅਤ ਠੀਕ ਨਹੀਂ" ਕਹਿ ਕੇ ਮੰਜੇ ਤੇ ਜਾ ਲੇਟਿਆ। ਸਾਰੀ ਰਾਤੀ ਉੱਸਲਵੱਟੇ ਮਾਰਦਿਆਂ ਤੇ ਠੰਢੇ ਸਾਹ ਲੈਂਦਿਆਂ ਬਿਤਾਈ।

ਦਿਨ ਚੜ੍ਹਦੇ ਹੀ ੧੫-੨੦ ਲਠ-ਬਾਜ਼ ਆ ਪਹੁੰਚੇ ਤੇ ਡਿਓਢੀ ਵਿਚ ਬੈਠ ਕੇ ਮੌਲਵੀ ਹੋਰਾਂ ਦੇ ਅੰਤਮ ਹੁਕਮ ਦੀ ਉਡੀਕ ਕਰਨ ਲੱਗੇ।

ਮੌਲਵੀ ਹੋਰੀਂ ਅੰਦਰੋਂ ਨਿਕਲੇ। ਚਿਹਰਾ ਉਤਰਿਆ ਹੋਇਆ ਤੇ ਅੱਖਾਂ ਡੁਬ ਡੁਬਾ ਰਹੀਆਂ ਸਨ। ਘੰਟਾ ਡੂਢ ਘੰਟਾ ਉੱਤਰ ਪ੍ਰਸ਼ਨ ਹੁੰਦੇ ਰਹੇ ਤੇ ਅੰਤ ਸਾਰੇ ਹੀ ਜਿਧਰੋਂ ਆਏ ਸੀ, ਉਧਰੇ ਮੁੜ ਗਏ।

... ... ...

ਦੁਸਹਿਰੇ ਦੀ ਝਾਕੀ ਨਿਕਲੀ। ਪੰਡਤ ਹੋਰਾਂ ਦੇ ਧਰਮ ਉਪਦੇਸ਼ਾਂ ਨੇ ਸਾਬਤ ਕਰ ਦਿੱਤਾ ਸੀ ਕਿ ਰੱਬ ਦੇ ਸੱਕੇ ਪੁੱਤਰ ਕਦੇ ਵੀ ਮਲੇਛਾਂ ਤੋਂ ਡਰਿਆ ਨਹੀਂ ਕਰਦੇ। ਜਲੂਸ ਦੇ ਆਲੇ ਦੁਆਲੇ ਪੁਲਸੀ ਫੋਜ਼ ਦੀ ਲੰਮੀ ਧਾਲ ਇਸ

ਤਰ੍ਹਾਂ ਸ਼ੋਭ ਰਹੀ ਸੀ, ਮਾਨੋ ਰੱਬ ਦੇ ਇਨ੍ਹਾਂ ਸਕੇ ਪੁੱਤਰਾਂ ਦੀ ਸੈਨਾ ਨੇ ਲਾਲ ਫੁੱਲਾਂ ਦਾ ਸਿਹਰਾ ਪਾਇਆ ਹੋਇਆ ਹੈ। ਲੋਕੀਂ ਬੜੇ ਫ਼ਖਰ ਨਾਲ ਕਹਿ ਰਹੇ ਸਨ ਕਿ ਸਰਕਾਰ ਨੇ ਮੁਸਲਮਾਨਾਂ ਨਾਲੋਂ ਹਿੰਦੂਆਂ ਦੀ ਬਹੁਤ ਮਦਦ ਕੀਤੀ ਹੈ।

ਕਈਆਂ ਬਜ਼ਾਰਾਂ ਵਿਚੋਂ ਫਿਰਦਾ ਹੋਇਆ ਜਲੂਸ ਉਸ ਥਾਂ ਪੁੱਜਾ, ਜਿਥੇ ਫ਼ਸਾਦ ਹੋਣ ਦਾ ਸਭ ਤੋਂ ਵਧੀਕ ਖ਼ਤਰਾ ਸੀ। ਇਹ ਪਾਸਾ ਨਿਰੋਲ ਮੁਸਲਮਾਨਾਂ ਦਾ ਸੀ ਤੇ ਇਥੇ ਹੀ ਉਹ ਵੱਡੀ ਮਸੀਤ ਸੀ, ਜਿਥੇ ਮੌਲਵੀ ਹੋਰਾਂ ਦੇ ਇਸ਼ਾਰੇ ਦੀ ਉਡੀਕ ਵਿਚ ਗਾਜ਼ੀਆਂ ਦੇ ਕਈ ਟੋਲੇ ਬਨੇਰਿਆਂ ਤੇ ਖੜੇ ਸਨ।

ਜਲੂਸ ਮਸੀਤ ਦੇ ਬੂਹੇ ਅੱਗੋਂ ਲੰਗਣਾ ਸ਼ੁਰੂ ਹੋਇਆ। ਇਸ ਵੇਲੇ ਹਜ਼ਾਰਾਂ ਲੋਕਾਂ ਦੇ ਦਿਲ ਧੜਕ ਰਹੇ ਸਨ, ਕਈਆਂ ਦੇ ਜੋਸ਼ ਨਾਲ ਤੇ ਕਈਆਂ ਦੇ ਸਹਿਮ ਨਾਲ।

ਜਿਉਂ ਹੀ ਸ੍ਰੀ ਰਾਮ ਚੰਦਰ ਤੇ ਲਛਮਣ ਵਾਲੀ ਝਾਕੀ ਮਸੀਤ ਦੇ ਦਰਵਾਜ਼ੇ ਅੱਗੇ ਪਹੁੰਚੀ, ਗਲਾਬ ਦੇ ਫੁੱਲਾਂ ਦਾ ਇਕ ਵੱਡਾ ਸਾਰਾ ਸਿਹਰਾ ਘੁੰਮਦਾ ਹੋਇਆ ਮਸੀਤ ਦੀ ਛੱਤ ਤੋਂ ਆਇਆ ਤੇ ਰਾਮ ਲਛਮਣ, ਦੋਹਾਂ ਭਰਾਵਾਂ ਦੇ ਗਲਾਂ ਵਿਚ ਪੈ ਗਿਆ। ਇਸ ਕੋਮਲ ਰੱਸੇ ਨੇ ਦੋਹਾਂ ਸਿਰਾਂ ਨੂੰ ਆਪੋ ਵਿਚ ਜੋੜ ਦਿੱਤਾ।

ਸਾਰੀ ਭੀੜ ਦੀਆਂ ਨਜ਼ਰਾਂ ਮਸੀਤ ਦੀ ਛੱਤ ਤੇ ਗੱਡੀਆਂ ਗਈਆਂ ਸਿਹਰਾ ਸੁਟਣ ਵਾਲਾ ਓਹੀ ਬੁੱਢਾ ਮੌਲਵੀ ਸੀ। ਇਸ ਤੋਂ ਛੁੱਟ ਉਸ ਦੀ ਝੋਲੀ ਫੁੱਲਾਂ ਨਾਲ ਭਰੀ ਹੋਈ ਸੀ ਤੇ ਉਸ ਦੇ ਬਹੁਤ ਸਾਰੇ ਸ਼ਰਧਾਲੂ, ਇਕ ਦੂਜੇ ਨੂੰ ਧਕਦੇ ਹੋਏ ਵਿਚੋਂ ਰੁਗ ਭਰ ਕੇ ਸਵਾਰੀ ਉਤੇ ਸੁੱਟ ਰਹੇ ਸਨ।

ਇਸ ਬਜ਼ਾਰ ਦੀ ਧਰਤੀ—ਜਿਸ ਬਾਬਤ ਲੋਕਾਂ ਦਾ ਖ਼ਿਆਲ ਸੀ ਕਿ ਅੱਜ ਲਹੂ ਨਾਲ ਰੰਗੀ ਜਾਵੇਗੀ—ਫੁੱਲਾਂ ਨਾਲ ਰੰਗੀ ਗਈ।

ਸਭ ਤੋਂ "ਸੀਆ ਵਰ ਰਾਮ ਚੰਦਰ ਕੀ ਜੈ" ਤੇ ਜਲੂਸ ਵਿਚ "ਅੱਲਾਹੂ ਅਕਬਰ" ਦੀਆਂ ਗੂੰਜਾਂ ਉਠਦੀਆਂ ਸਨ ਤੇ ਆਪੋ ਵਿਚ ਟਕਰ ਕੇ ਰਲ ਮਿਲ ਜਾਂਦੀਆਂ ਸਨ।

ਜਲੂਸ ਵਾਲਿਆਂ ਦੀਆਂ ਬਾਹਾਂ ਉਤਾਂਹ ਫੈਲ ਗਈਆਂ ਤੇ ਥੋੜ੍ਹੇ ਚਿਰ

ਪਿਛੋਂ ਬਨੇਰਿਆਂ ਦੀ ਸਾਰੀ ਭੀੜ ਉਹਨਾਂ ਦੀਆਂ ਜੱਫੀਆਂ ਵਿਚ ਸੀ।

ਦੋਵੇਂ ਬੁਰਕੇ ਲਾ ਕੇ, ਮੂੰਹ ਨੰਗਾ ਕੀਤੀ, ਰੱਬ ਉਨ੍ਹਾਂ ਦੇ ਸੀਨਿਆ ਨਾਲ ਲੱਗਾ ਹੋਇਆ ਸੀ ਤੇ ਨਿੱਘ ਦੇ ਕੇ ਉਨ੍ਹਾਂ ਦੇ ਜੰਮੇ ਹੋਏ ਲਹੂ ਨੂੰ ਪੰਘਾਰ ਰਿਹਾ ਸੀ।

ਲੋਕਾਂ ਨੇ ਰੱਬ ਨੂੰ ਉਸ ਦੇ ਅਸਲੀ ਰੂਪ ਵਿਚ ਵੇਖਿਆ।

# ਵੱਡਾ ਡਾਕਟਰ

ਦਫਤਰੋਂ ਛੁੱਟੀ ਹੋਈ। ਬਾਬੂ ਦੀਨਾ ਨਾਥ ਸੋਟੀ ਹਿਲਾਂਦਾ ਹੋਇਆ ਘਰ ਵੱਲ ਜਾ ਰਿਹਾ ਸੀ। ਜਦ ਉਹ ਮੁਨਿਆਰਾਂ ਦੇ ਬਜ਼ਾਰ ਵਿਚੋਂ ਲੰਘਿਆ ਤਾਂ ਉਸ ਨੂੰ ਆਪਣੇ ਕਾਕੇ ਜਗਦੀਸ਼ ਦਾ ਖ਼ਿਆਲ ਆਇਆ ਜਿਹੜਾ ਖਿਡੌਣਿਆਂ ਦਾ ਸ਼ੁਕੀਨ ਸੀ।

ਉਹ ਇਕ ਮਨਿਆਰ ਦੀ ਹੱਟੀ ਅੱਗੇ ਜਾ ਖੜੋਤਾ ਤੇ ਬਹੁਤ ਸਾਰੇ ਖਿਡੌਣਿਆਂ ਵਿਚੋਂ ਉਸ ਨੇ ਇਕ ਜੱਤ ਵਾਲਾ ਕੁੱਤਾ ਪਸੰਦ ਕੀਤਾ। ਪੈਸੇ ਦੁਕਾਨਦਾਰ ਨੂੰ ਦੇ ਕੇ ਕੁੱਤਾ ਜੇਬ ਵਿਚ ਪਾ ਕੇ ਉਹ ਤੁਰ ਪਿਆ। ਸਾਰੇ ਖਿਡੌਣਿਆਂ ਵਿਚੋਂ ਉਸ ਨੇ ਜ਼ੱਤ ਵਾਲਾ ਕੁੱਤਾ ਹੀ ਕਿਉਂ ਪਸੰਦ ਕੀਤਾ, ਇਸ ਦਾ ਵੀ ਇਕ ਖਾਸ ਕਾਰਨ ਸੀ। ਜਗਦੀਸ਼ ਨੂੰ ਸ਼ੌਕ ਸੀ ਜਾਨਦਾਰ ਖਿਡੌਣਿਆਂ ਨਾਲ ਖੇਡਣ ਦਾ, ਪਰ ਦੀਨਾ ਨਾਥ ਨੂੰ ਮੁੰਡੇ ਦੀ ਇਹ ਆਦਤ ਪਸੰਦ ਨਹੀਂ ਸੀ। ਉਸ ਚਾਹਿਆ ਕਿ ਏਦਾਂ ਕਰਨ ਨਾਲ ਬੱਚੇ ਦੀ ਆਦਤ ਛੁੱਟ ਜਾਏਗੀ।

ਜਦ ਉਹ ਘਰ ਪੁੱਜਾ ਤਾਂ ਥੜੇ ਉਤੇ ਉਸ ਨੇ ਜਗਦੀਸ਼ ਨੂੰ ਅੱਜ ਵੀ ਇਕ ਜਾਨਦਾਰ ਖਿਡੌਣੇ ਨਾਲ ਖੇਡਦਿਆਂ ਵੇਖਿਆ। ਡਾਢਾ ਕੂਲਾ, ਰਿਸ਼ਟ ਪੁਸ਼ਟ ਤੇ ਗੁਦਗੁਦਾ ਖਿਡੌਣਾ, ਇਹ ਇਕ ਬਿੱਲੀ ਦਾ ਬੱਚਾ ਸੀ।

ਬਾਬੂ ਦੀਨਾ ਨਾਥ ਵੱਲ ਜਗਦੀਸ਼ ਦੀ ਪਿੱਠ ਸੀ, ਜਿਸ ਕਰ ਕੇ ਉਹ ਮੂੰਹ ਧਿਆਨ ਆਪਣੀ ਖੇਡੇ ਰੁਝਾ ਰਿਹਾ। ਬਲੂੰਗੜੇ ਦੀਆਂ ਅਗਲੀਆਂ ਲੱਤਾਂ ਨੂੰ ਫੜ ਕੇ ਉਹ ਉਸ ਨੂੰ ਸਿੱਧਾ ਖੜ੍ਹਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਜੋ ਮੁੜ ਚਹੁੰ ਲੱਤਾਂ ਪਰਨੇ ਹੋ ਜਾਂਦਾ ।

ਬਲੂੰਗੜਾਂ ਘੜੀ ਮੁੜੀ ਉਸ ਦਾ ਮੂੰਹ ਚੁੰਮਣ ਲਈ ਬੂਥੀ ਚੁਕਦਾ, ਪਰ ਜਗਦੀਸ਼ ਉਸ ਨੂੰ ਧੱਕ ਕੇ ਪਰੇ ਕਰ ਦੇਂਦਾ ਸੀ।

ਆਪਣੀ ਖੇਡ ਵਿਚ ਜਗਦੀਸ਼ ਏਨਾ ਮਸਤ ਸੀ ਕਿ ਉਸ ਨੂੰ ਆਪਣੀ ਨਿੱਕਰ ਤੇ ਕਮੀਜ਼ ਦਾ ਵੀ ਖ਼ਿਆਲ ਨਾ ਰਿਹਾ, ਜਿਹੜੇ ਬਲੂੰਗੜੇ ਦੇ ਪੰਜਿਆਂ ਨਾਲ ਦਾਗੀ ਹੋ ਰਹੇ ਸਨ।

ਬਾਬੂ ਦੀਨਾ ਨਾਥ ਨੇ ਵੇਖਿਆ ਤਾਂ ਗੁੱਸੇ ਨਾਲ ਉਸ ਦਾ ਚਿਹਰਾ ਤਮਤਮਾ ਉਠਿਆ। ਉਸ ਨੇ ਪੈਂਦਿਆਂ ਹੀ ਇਕ ਖਰ੍ਹਵੇ ਹੱਥ ਨਾਲ ਬਲੂੰਗੜਾ ਉਸ ਪਾਸੋਂ ਖੋਹ ਕੇ ਇਕ ਪਾਸੇ ਸੁੱਟ ਦਿੱਤਾ ਤੇ ਕਹਿਣ ਲੱਗਾ—"ਛੱਡ ਨਾਲਾਇਕਾ ਇਸ ਬਲਾ ਨੂੰ। ਵੇਖ ਤੇ ਸਹੀ, ਕੀ ਹਾਲ ਕੀਤਾ ਈ ਕਪੜਿਆਂ ਦਾ।"

ਸ਼ੈਦ ਪਿਉ ਦੇ ਆਉਣ ਤੋਂ ਪਹਿਲਾਂ ਜਗਦੀਸ਼ ਕੁਝ ਹੋਰ ਹੀ ਸੋਚ ਰਿਹਾ ਸੀ। ਆਪਣੇ ਇਸ ਨਵੇਂ ਦੋਸਤ ਦੀ ਜਾਣ ਪਛਾਣ 'ਬਾਊ ਜੀ' ਨਾਲ ਕਰਾਵੇਗਾ ਤੇ ਬਾਊ ਜੀ ਇਸ ਨੂੰ ਵੇਖ ਕੇ ਬੇਹੱਦ ਖੁਸ਼ ਹੋਣਗੇ, ਪਰ ਪਿਉ ਦੇ ਇਸ ਵਰਤਾਉ ਨੇ ਉਸ ਦੇ ਉਤਸ਼ਾਹ ਨੂੰ ਸਿਲ੍ਹਾਬਾ ਚੜ੍ਹਾ ਦਿੱਤਾ।

ਉਸ ਨੇ ਸਹਿਮੀ ਨਜ਼ਰ ਪਿਉ ਵੱਲ ਤਕਿਆ, ਤੇ ਫਿਰ ਪਿਆਰ, ਤਰਸ ਤੇ ਬੇਵਸੀ ਦੀ ਨਜ਼ਰ ਨਾਲ ਵੇਖਿਆ ਕਈਆਂ ਕਦਮਾਂ ਤੇ ਡਿੱਗੇ ਪਏ ਬਲੂੰਗੜੇ ਨੂੰ।

ਪਤੀ ਦੀ ਕੜਕਵੀਂ ਅਵਾਜ਼ ਸੁਣ ਕੇ ਅੰਦਰੋਂ ਉਮਾ ਦੇਵੀ ਨਿਕਲ ਆਈ। ਜਿਸ ਨੂੰ ਵੇਖਦਿਆਂ ਹੀ ਬਾਬੂ ਦੀਨਾ ਨਾਥ ਦਾ ਕ੍ਰੋਧ ਉਸ ਉਤੇ ਵਰ੍ਹਨ ਲੱਗਾ, "ਤੂੰ ਕਿਤਨੀ ਬੇ-ਸਮਝ ਏਂ! ਤੈਨੂੰ ਪਤਾ ਨਹੀਂ, ਬਿੱਲੀਆਂ ਕੁੱਤਿਆਂ ਦੇ ਮੂੰਹ ਦੀ ਹਵਾੜ, ਤੇ ਵਾਲ ਕਿੰਨੇ ਖ਼ਤਰਨਾਕ ਹੁੰਦੇ ਨੇ? ਵੇਖਦੀ ਨਹੀਂ, ਕਿਹੜੇ ਵੇਲੇ ਦਾ ਬਲੂੰਗੜੇ ਨੂੰ ਚੁੰਮਣ ਡਿਹਾ ਹੋਇਆ ਏ। ਕਪੜਿਆਂ ਦਾ ਸਤਿਆਨਾਸ ਵੱਖਰਾ ਕਰ ਛਡਿਆ ਸੂ।"

ਤਿੰਨ ਵਰ੍ਹਿਆਂ ਦੇ ਬਾਲ ਨੂੰ ਬਾਬੂ ਦੀਨਾ ਨਾਥ ਆਪਣੀ ਅਕਲ ਦੇ ਗਜ਼ਾਂ ਨਾਲ ਮਿਣਨਾ ਚਾਹੁੰਦਾ ਸੀ, ਪਰ ਉਮਾ ਦੇਵੀ ਦੇ ਸੀਨੇ ਵਿਚ ਤਾਂ ਮਾਂ ਦਾ ਦਿਲ ਸੀ, ਉਹ ਬਾਲਾਂ ਦੇ ਸੁਭਾ ਤੋਂ ਵਧੇਰੇ ਜਾਣੂ ਸੀ। ਪਤੀ ਨੂੰ ਕਹਿਣ ਲੱਗੀ— "ਹੱਛਾ ਫੇਰ ਕੀ ਹੋਇਆ! ਇਞਾਣਾ ਏਂ। ਸਾਰੇ ਬਾਲ ਇਸੇ ਤਰ੍ਹਾਂ ਹੁੰਦੇ ਨੇ ਕਿ।"

ਦੀਨਾ ਨਾਥ ਹੋਰ ਤੇਜ਼ ਹੋ ਕੇ ਬੋਲਿਆ—"ਸਾਰੇ ਬਾਲ ਤੇ ਹੁੰਦੇ ਨੇ ਜੰਗਲੀਆਂ ਅਨਪੜ੍ਹਾਂ ਦੇ। ਇਹੋ ਜਿਹੇ ਗਵਾਰਾਂ ਦੀ ਸੰਗਤ ਵਿਚ ਮੈਂ ਨਹੀਂ ਪੈਣ ਦੇਣਾ ਚਾਹੁੰਦਾ

ਮੁੰਡੇ ਨੂੰ।"

ਪਿਉ ਦਾ ਹੁਕਮ ਪਾ ਕੇ ਜਗਦੀਸ਼ ਮੁਜਰਮ ਵਾਂਗ ਉਸ ਦੇ ਅੱਗੇ ਅੱਗੇ ਤੁਰ ਪਿਆ। ਅੰਦਰ ਪਹੁੰਚਦਿਆਂ ਤਾਈਂ ਉਸ ਨੇ ਪਿਉ ਦੀ ਅੱਖ ਬਚਾ ਕੇ ਕਈ ਵੇਰਾਂ ਪਿਛਾਂਹ ਤੱਕਿਆ, ਪਰ ਬਲੂੰਗੜਾ ਹੁਣ ਕਿਤੇ ਨਹੀਂ ਸੀ।

... ... ...

ਸਭ ਤੋਂ ਪਹਿਲਾਂ ਉਸ ਦੇ ਕਪੜੇ ਬਦਲਾਏ ਗਏ। ਬਾਬੂ ਦੀਨਾ ਨਾਥ ਨੇ ਉਸ ਨੂੰ ਪਿਆਰ ਨਾਲ ਕੁੱਛੜ ਲਿਆ। ਉਹ ਦਿਲ ਹੀ ਦਿਲ ਵਿਚ ਆਪਣੀ ਸਖਤੀ ਉਤੇ ਪਛਤਾਣ ਲੱਗਾ। ਪਰ ਬੱਚੇ ਦੀ ਅੋਰੋਗਤਾ ਲਈ ਉਸ ਨੂੰ ਇਹ ਕੁਝ ਕਰਨਾ ਹੀ ਪੈਣਾ ਸੀ।

ਜਗਦੀਸ਼ ਉਸ ਦੀ ਗੋਦ ਵਿਚ ਬੈਠਾ ਸੀ, ਪਰ ਪਹਿਲਾਂ ਵਾਂਗ ਖੁਸ਼ੀ ਖੁਸ਼ੀ ਨਹੀਂ, ਸਗੋਂ ਡਾਢਾ ਬੇਕਲ ਜਿਹਾ ਹੋ ਕੇ।

ਬਾਬੂ ਦੀਨਾ ਨਾਥ ਨੂੰ ਖਿਡੌਣੇ ਦਾ ਚੇਤਾ ਆ ਗਿਆ। ਉਸ ਨੇ ਝੱਟ ਟੰਗੇ ਹੋਏ ਕੋਟ ਦੀ ਜੇਬ ਵਿਚੋਂ ਵਾਲਾ ਕੁਤਾ ਕੱਢ ਕੇ ਜਗਦੀਸ਼ ਨੂੰ ਫੜਾ ਦਿੱਤਾ।

ਕੁੱਤਾ ਬੜਾ ਸੋਹਣਾ ਸੀ, ਪਰ ਜਗਦੀਸ਼ ਨੂੰ ਇਸ ਪਾਸੋਂ ਕੋਈ ਖੁਸ਼ੀ ਨਾ ਮਿਲ ਸਕੀ। ਉਹ ਇਸ ਨੂੰ ਵੇਖ ਕੇ ਖੁਸ਼ ਹੋਣਾ ਚਾਹੀਦਾ ਸੀ, ਪਰ ਬਲੂੰਗੇ ਦਾ ਧਿਆਨ ਸਗੋਂ ਉਸ ਨੂੰ ਵਧੇਰਾ ਬੇਚੈਨ ਕਰੀ ਜਾਂਦਾ ਸੀ।

ਸਾਰੇ ਸੁੱਤੇ ਹੋਏ ਹਨ। ਕੇਵਲ ਜਗਦੀਸ਼ ਹੀ ਆਪਣੀ ਵਿਛਾਈ ਤੇ ਲੇਟਿਆ ਕਿਸੇ ਦੀ ਯਾਦ ਵਿਚ ਉੱਸਲਵੱਟੇ ਲੈ ਰਿਹਾ ਸੀ। ਥੋੜ੍ਹੀ ਦੇਰ ਬਾਦ ਉਹ ਉਠ ਕੇ ਬੈਠ ਗਿਆ ਤੇ ਲਾਗੇ ਲੇਟੇ ਹੋਏ ਕੁੱਤੇ ਨੂੰ ਚੁੱਕ ਕੇ ਤੇ ਉਸ ਨੂੰ ਅਗਲੀਆਂ ਲੱਤਾਂ ਤੋਂ ਫੜ ਕੇ ਖੜਾ ਕਰਨ ਲੱਗਾ, ਪਰ ਇਹ 'ਬੂੰਗੇ' ਵਾਂਗ ਸ਼ਰਾਰਤਾਂ ਨਹੀਂ ਸੀ ਕਰਦਾ, ਨਾ ਹੀ ਉਸ ਦਾ ਮੂੰਹ ਚੁੰਮਣ ਨੂੰ ਹੰਭਲੇ ਮਾਰਦਾ ਸੀ। ਬਲੂੰਗੜੇ ਦੀਆਂ ਜਿਨ੍ਹਾਂ ਹਰਕਤਾਂ ਕਰ ਕੇ ਜਗਦੀਸ਼ ਨੂੰ ਗੁੱਸਾ ਆਉਂਦਾ ਸੀ, ਉਹ ਇਸ ਕੁੱਤੇ ਵਿਚ ਨਹੀਂ ਸਨ, ਪਰ ਫੇਰ ਵੀ ਜਗਦੀਸ਼ ਨੂੰ ਇਹ ਚੰਗਾ ਨਹੀਂ ਸੀ ਲੱਗਦਾ। ਉਹ ਚਾਹੁੰਦਾ ਸੀ ਇਹ ਵੀ ਬਲੂੰਗੜੇ ਵਾਂਗ ਸ਼ਰਾਰਤਾਂ ਕਰੇ ਤੇ ਏਸ ਦੇ ਬਦਲੇ ਉਸ ਨੂੰ ਉਹੋ ਜਿਹਾ ਗੁੱਸਾ ਆਵੇ, ਪਰ ਇਹ ਉਸ ਦੇ 'ਬੂੰਗੇ' ਵਰਗਾ ਨਹੀਂ ਸੀ।

ਹੌਲੀ ਹੌਲੀ ਉਸ ਨੂੰ ਇਸ ਪਾਸੋਂ ਨਫ਼ਰਤ ਹੋਣ ਲੱਗੀ, ਤੇ ਥੋੜੇ ਚਿਰ

ਬਾਦ ਉਸ ਨੇ ਕੁਤੇ ਨੂੰ ਚੁੱਕ ਪੰਘੂੜੇ ਹੇਠਾਂ ਸੁੱਟ ਦਿੱਤਾ।

ਉਹ ਲੰਮਾ ਪੈ ਗਿਆ ਤੇ ਪਿਆ ਪਿਆ ਸੋਚਣ ਲੱਗਾ—"ਕੀ ਹੁਣ ਉਹ ਨਹੀਂ ਆਵੇਗਾ ? ਕੀ ਬਾਊ ਜੀ ਦੇ ਵਰਤਾਉ ਤੋਂ ਉਹ ਮੇਰੇ ਨਾਲ ਵੀ ਗੁੱਸੇ ਹੋ ਜਾਵੇਗਾ ? ਇਸ ਵੇਲੇ ਉਹ ਕਿਥੇ ਹੋਵੇਗਾ—ਕੀ ਕਰਦਾ ਹੋਵੇਗਾ, ਸ਼ਾਇਦ ਕਿਤੋਂ ਹੁਣੇ ਹੀ ਆ ਨਿਕਲੇ—ਸ਼ਾਇਦ ਹੁਣੇ ਹੀ ਉਸ ਦੀ ਮਿਆਉਂ ਮੇਰੇ ਕੰਨੀਂ ਆ ਪਵੇ।"

ਅੰਚਿਤੇ ਹੀ ਉਸ ਨੂੰ ਖ਼ਿਆਲ ਆ ਗਿਆ ਆਪਣੇ ਗੁਆਂਢੀਆਂ ਦੇ ਕੁੱਤੇ 'ਜੈਕ' ਦਾ, ਜਿਹੜਾ ਬਿੱਲੀਆਂ ਨੂੰ ਵੇਖ ਕੇ ਖਾਣ ਪੈਂਦਾ ਸੀ।

ਉਹ ਸੋਚਣ ਲੱਗਾ—ਸਾਡੇ ਘਰ ਵਿਚ ਵੀ ਤਾਂ ਇਸ ਵੇਲੇ ਇਕ ਕੁੱਤਾ ਮੌਜੂਦ ਹੈ। ਇਸ ਦੇ ਹੁੰਦਿਆਂ ਕੀ ਬੂੰਗਾ ਇਸ ਘਰ ਵਿਚ ਆ ਸਕੇਗਾ ?

ਉਸ ਨੇ ਬਿਜਲੀ ਦੇ ਚਾਨਣ ਵਿਚ ਵੇਖਿਆ, ਉਹੀ ਜੱਤ ਵਾਲਾ ਕੁੱਤਾ ਪੰਘੂੜੇ ਦੀ ਬਾਹੀ ਹੇਠ ਸੀ।

ਉਹ ਅਡੋਪਲਾ ਪੰਘੂੜੇ ਚੋਂ ਉਤਰਿਆ ਤੇ ਕੁੱਤੇ ਨੂੰ ਚੁੱਕ ਕੇ ਉਸ ਨੇ ਕੱਪੜਿਆਂ ਥੱਲੇ ਨੱਪ ਦਿੱਤਾ ਤੇ ਫੇਰ ਆਪਣੇ ਬਿਸਤਰੇ ਵਿਚ ਆ ਲੇਟਿਆ।

ਉਹ ਬੜੀ ਬੇਸਬਰੀ ਨਾਲ ਬੂੰਗੇ ਦੀ ਉਡੀਕ ਕਰਨ ਲੱਗਾ। ਉਸ ਨੂੰ ਇਉਂ ਅਨੁਭਵ ਹੋਣ ਲੱਗਾ ਜਿਕਣ ਬਲੂੰਗੜਾ ਉਸ ਦੇ ਪਾਸ ਆਉਂਣਾ ਚਾਹੁੰਦਾ ਹੈ, ਪਰ ਜੱਤ ਵਾਲਾ ਕੁੱਤਾ ਘੜੀ ਮੁੜੀ ਕਪੜਿਆਂ ਹੇਠੋਂ ਨਿਕਲ ਕੇ ਉਸ ਨੂੰ ਨੱਸਾ ਦੇਂਦਾ ਹੈ।

ਉਹ ਫੇਰ ਉਠਿਆ ਤੇ ਕੁੱਤੇ ਨੂੰ ਕਪੜਿਆਂ ਥੱਲੋਂ ਕੱਢ ਲਿਆਇਆ। ਫਿਰ ਸਹਿਜ ਨਾਲ ਉਸ ਨੇ ਬਾਰੀ ਦਾ ਕੰਢਾ ਖੋਲ੍ਹਿਆ ਤੇ ਕੁੱਤੇ ਨੂੰ ਸੀਖਾਂ ਵਿਚੋਂ ਧੱਕ ਕੇ ਹੇਠਾਂ ਗਲੀ ਵਿਚ ਸੁੱਟ ਦਿੱਤਾ।

ਸੁੱਟ ਤਾਂ ਉਸ ਨੇ ਦਿੱਤਾ, ਪਰ ਇਸ ਨਾਲ ਵੀ ਉਸ ਦੀ ਤੱਸਲੀ ਨਾ ਹੋ ਸਕੀ। ਸਗੋਂ ਉਸ ਦਾ ਤੋਖ਼ਲਾ ਹੋਰ ਵੱਧ ਗਿਆ। ਇਹ ਸੋਚਦਿਆਂ ਕਿ ਕੁੱਤਾ ਹੁਣ ਘਰ ਦੇ ਬੂਹੇ ਅੱਗੇ ਬੈਠਾ ਹੋਵੇਗਾ, ਤੇ ਉਸ ਜ਼ਾਲਮ ਨੇ ਕਦੋਂ ਬੂੰਗ ਨੂੰ ਅੰਦਰ ਆਉਣ ਦੇਣਾ ਹੈ।

ਇਸੇ ਬੇਚੈਨੀ ਵਿਚ ਉਹ ਪਤਾ ਨਹੀਂ ਕਿੰਨਾ ਚਿਰ ਛਟਪਟਾਂਦਾ ਰਿਹਾ ਤੇ

ਅਖ਼ੀਰ ਉਸ ਨੂੰ ਨੀਂਦਰ ਆ ਗਈ।

... ... ...

"ਹੈਂ ਜੀ, ਤੁਸਾਂ ਬਾਰੀ ਨਹੀਂ ਸੀ ਬੰਦ ਕੀਤੀ?" ਪਰਭਾਤ ਵੇਲੇ ਉਮਾ ਦੇਵੀ ਨੇ ਪਾਸਾ ਪਰਤਦਿਆਂ ਹੋਇਆਂ ਪਤੀ ਨੂੰ ਪੁੱਛਿਆ।

ਦੀਨਾ ਨਾਥ ਨੇ ਉਠ ਕੇ ਵੇਖਿਆ—ਬਾਰੀ ਖੁਲ੍ਹੀ ਸੀ। ਉਹ ਹੈਰਾਨੀ ਨਾਲ ਕਹਿਣ ਲੱਗਾ, ਇਸ ਨੂੰ ਤਾਂ ਮੈਂ ਆਪ ਬੰਦ ਕਰ ਕੇ ਸੁੱਤਾ ਸਾਂ।

ਦੋਵੇਂ ਉਠ ਬੈਠੇ। ਉਨ੍ਹਾਂ ਨੂੰ ਪਚਹਤਰੀ ਲੱਗ ਗਈ ਜੁ ਬਾਰੀ ਕਿਸ ਤਰ੍ਹਾਂ ਖੁਲ੍ਹ ਗਈ। ਝੱਟ ਪੱਟ ਉਨ੍ਹਾਂ ਨੇ ਉਠ ਕੇ ਸੰਦੂਕਾਂ ਟਰੰਕਾਂ ਦੇ ਜੰਦਰੇ ਟੋਹਣੇ ਸ਼ੁਰੂ ਕਰ ਦਿੱਤੇ। ਸਭ ਕੁਝ ਜਿਉਂ ਦਾ ਤਿਉਂ ਸੀ। ਕੋਈ ਅੰਦਰ ਆਉਂਦਾ ਤਾਂ ਖ਼ਾਲੀ ਕਿਸ ਤਰ੍ਹਾਂ ਚਲਾ ਜਾਂਦਾ! ਤੇ ਫਿਰ ਹੈਰਾਨੀ ਤਾਂ ਇਸ ਗੱਲ ਦੀ ਕਿ ਬਾਬੂ ਦੀਨਾ ਨਾਥ ਆਪਣੇ ਹੱਥੀਂ ਬਾਰੀ ਦਾ ਕੁੰਡਾ ਅੜਾ ਕੇ ਸੁੱਤਾ ਸੀ। ਬਾਹਰਲਾ ਬੂਹਾ ਵੇਖਿਆ। ਉਹ ਵੀ ਜਿਉਂ ਦਾ ਤਿਉਂ ਬੰਦ ਸੀ—ਕੁੰਡਾ ਅੰਦਰੋਂ ਵੱਜਾ ਹੋਇਆ ਸੀ।

ਬਾਬੂ ਦੀਨਾ ਨਾਥ ਨੇ ਬੂਹਾ ਖੋਲ੍ਹ ਕੇ ਬਾਹਰ ਗਲੀ ਵਿਚ ਝਾਤੀ ਮਾਰੀ ਤਾਂ ਹੇਠਾਂ ਚੰਨ ਦੀ ਚਾਨਣੀ ਵਿਚ ਸਭ ਤੋਂ ਪਹਿਲਾਂ ਉਹੀ ਕਲ੍ਹ ਦਾ ਲਿਆਂਦਾ ਹੋਇਆ ਜੱਤ ਵਾਲਾ ਕੁੱਤਾ ਉਸ ਦੀ ਨਜ਼ਰੀਂ ਪਿਆ।

ਉਸ ਨੂੰ ਸਮਝਣ ਵਿਚ ਚਿਰ ਨਾ ਲੱਗਾ ਕਿ ਇਹ ਜਗਦੀਸ਼ ਦੀ ਹੀ ਕਾਰਸਤਾਨੀ ਹੈ। ਮੁੰਡੇ ਦੀ ਬੇਸਮਝੀ ਉਤੇ ਉਸ ਨੂੰ ਖਿਝ ਆਈ, ਪਰ ਇਸ ਵੇਲੇ ਉਹ ਸੁੱਤਾ ਹੋਇਆ ਹੋਣ ਕਰ ਕੇ ਦੀਨਾ ਨਾਥ ਆਪਣੇ ਗੁੱਸੇ ਨੂੰ ਪੀ ਗਿਆ। ਜਾਗਦਾ ਹੁੰਦਾ, ਤਾਂ ਜ਼ਰੂਰ ਦੋ ਚਾਰ ਝਿੜਕਾਂ ਦੇਂਦਾ।

ਬੂਹੇ ਬਾਰੀਆਂ ਬੰਦ ਕਰ ਕੇ ਜਦ ਦੀਨਾ ਨਾਥ ਲੰਮਾ ਪੈ ਗਿਆ ਤਾਂ ਥੋੜ੍ਹੀ ਦੇਰ ਬਾਦ ਉਸ ਦੇ ਕੰਨਾਂ ਵਿਚ 'ਘੁਰ 'ਘੁਰ' ਦੀ ਆਵਾਜ਼ ਸੁਣਾਈ ਦਿੱਤੀ। ਨਾਲ ਹੀ ਉਸ ਦੀ ਨਜ਼ਰ ਜਗਦੀਸ਼ ਦੇ ਪੰਘੂੜੇ ਤੇ ਪਈ। ਉਹੀ ਕਲ੍ਹ ਵਾਲਾ ਬਲੂੰਗੜਾ ਜਗਦੀਸ਼ ਦੀ ਬਾਂਹ ਵਿਚ ਸਿਰ ਦੇਈ ਘੁਰ ਘੁਰ ਕਰ ਰਿਹਾ ਸੀ ਤੇ ਸੁੱਤੇ ਹੋਏ ਜਗਦੀਸ਼ ਦਾ ਹੱਥ ਸਹਿਜੇ ਸਹਿਜੇ ਉਸ ਦੀ ਪਿੱਠ ਤੇ ਫਿਰ ਰਿਹਾ ਸੀ। ਜਗਦੀਸ਼ ਦੇ ਚਿਹਰੇ ਉਤੇ ਇਸ ਵੇਲੇ ਖ਼ੁਸ਼ੀ ਖੇਡ ਰਹੀ ਸੀ।

"ਹੈਂ! ਬਦਜ਼ਾਤ ਫੇਰ ਆ ਵੜਿਆ!" ਕਹਿੰਦਿਆਂ ਕਹਿੰਦਿਆਂ ਦੀਨਾ ਨਾਥ ਜਗਦੀਸ਼ ਦੀ ਬਾਂਹ ਵਿਚੋਂ ਬਲੂੰਗੜਾ ਖਿੱਚ ਲਿਆ। ਇਸ ਦੇ ਨਾਲ ਹੀ ਜਗਦੀਸ਼ ਦੀ ਜਾਗ ਖੁਲ੍ਹ ਗਈ। ਉਸ ਨੇ ਆਪਣੇ ਬੂੰਗੇ ਨੂੰ ਵੇਖਿਆ, ਪਰ ਵਿਛੋੜੇ ਵੇਲੇ! ਮਿਲਾਪ ਦੀਆਂ ਸੁਨਹਿਰੀ ਘੜੀਆਂ ਕਿਵੇਂ ਬੀਤ ਗਈਆਂ, ਇਸ ਦਾ ਉਸ ਨੂੰ ਕੋਈ ਚੇਤਾ ਨਹੀਂ ਸੀ। ਉਸ ਨੇ ਅਰਮਾਨ ਭਰੀ ਨਜ਼ਰ ਨਾਲ ਆਪਣੀ ਬਾਂਹ ਵਿਚੋਂ ਬਲੂੰਗੜੇ ਨੂੰ ਖਚੀਂਦਾ ਵੇਖਿਆ। ਉਸ ਨੇ ਚਾਹਿਆ ਕਿ ਝੱਟਪਟ ਉਠ ਕੇ ਪਿਉ ਪਾਸੋਂ ਆਪਣੇ ਬੂੰਗੇ ਨੂੰ ਖੋਹ ਲਵੇ, ਪਰ ਪਿਉ ਦਾ ਗੁੱਸੇ ਭਰਿਆ ਚਿਹਰਾ ਵੇਖ ਕੇ ਉਸ ਦੇ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ।

ਬਲੂੰਗੜੇ ਨੇ ਤਾਂ ਨਹੁੰਦਰਾਂ ਦੀ ਮਦਦ ਨਾਲ ਆਪਣੇ ਵਿਰੋਧ ਨੂੰ ਕਿਸੇ ਹੱਦ ਤੀਕ ਪਰਗਟ ਕੀਤਾ, ਪਰ ਜਗਦੀਸ਼ ਵਿਚਾਰਾ ਆਪਣੇ ਪ੍ਰੀਤਮ-ਵਿਛੋੜੇ ਦਾ ਦੁੱਖ ਕਿਸੇ ਤਰ੍ਹਾਂ ਵੀ ਜ਼ਾਹਰ ਨਾ ਕਰ ਸਕਿਆ।

ਨੌਕਰ ਨੂੰ ਸੱਦ ਕੇ ਦੀਨਾ ਨਾਥ ਨੇ ਬਲੂੰਗੜਾ ਉਸ ਨੂੰ ਫੜਾਂਦਿਆਂ ਕਿਹਾ "ਜਾਹ ਇਸ ਨੂੰ ਕਿਤੇ ਦੂਰ ਸਾਰੇ ਛੱਡ ਕੇ ਆ।"

ਨੌਕਰ ਨੂੰ ਜਾਂਦਿਆਂ ਤੱਕ ਕੇ ਜਗਦੀਸ਼ ਨੇ ਡਰਦਿਆਂ ਡਰਦਿਆਂ ਕਿਹਾ— "ਬਾਊ ਜੀ, ਮੇਰਾ ਬੂੰਗਾ!"

ਉਸ ਦਾ ਇਹ ਪਾਗਲਪਣਾ ਕਿ ਬਲੂੰਗੜੇ ਦੇ ਮੂੰਹ ਨਾਲ ਮੂੰਹ ਜੋੜ ਕੇ ਪਤਾ ਨਹੀਂ ਕਿੰਨੇ ਚਿਰ ਤੋਂ ਸੁੱਤਾ ਰਿਹਾ ਸੀ। ਦੀਨਾ ਨਾਥ ਨੇ ਹੌਲਾ ਜਿਹਾ ਧੱਪਾ ਜਗਦੀਸ਼ ਦੇ ਸਿਰ ਤੇ ਮਾਰ ਕੇ ਕਿਹਾ—"ਚੁੱਪ ਕਰਨਾ ਏਂ ਕਿ ਨਹੀਂ? ਬੂੰਗੇ ਦਾ ਬੱਚਾ! ਖ਼ਬਰਦਾਰ ਜੇ ਮੁੜ ਕੇ ਉਸ ਦਾ ਨਾਂ ਲਿਆ।"

ਉਮਾ ਦੇਵੀ ਪਾਸੋਂ ਬੱਚੇ ਦੀ ਹ਼ਾਲਤ ਵੇਖੀ ਨਾ ਗਈ। ਉਹ ਗਿੜਗਿੜਾ ਕੇ ਬੋਲੀ—"ਰਹਿਣ ਦੇਂਦੇ ਝੱਟ ਪਲ। ਕਿਉਂ ਮੁੰਡੇ ਦਾ ਦਿਲ ਤੋੜਦੇ ਜੇ।"

ਪਰ ਦੀਨਾ ਨਾਥ ਦੇ ਦਿਲ ਤੇ ਇਸ ਦਾ ਕੁਝ ਵੀ ਅਸਰ ਨਾ ਹੋਇਆ। ਉਹ ਬੱਚੇ ਦੀ ਸਿਹਤ ਬਦਲੇ ਸਭ ਕੁਝ ਸਹਿਣ ਨੂੰ ਤਿਆਰ ਸੀ। ਘੁਰਕ ਕੇ ਕਹਿਣ ਲੱਗਾ—"ਤੂੰਹਿਓਂ ਤਾਂ ਇਸ ਨੂੰ ਸਿਰੇ ਚੜ੍ਹਾ ਛੱਡਿਆ ਏ। ਤੂੰ ਮੁੰਡੇ ਨੂੰ ਜ਼ਰੂਰ ਬੀਮਾਰ ਕਰ ਕੇ ਰਹਿਣਾ ਏ! ਕਈ ਵਾਰੀ ਸਮਝਾਇਆ ਏ ਕਿ ਬਿੱਲੀਆਂ ਕੁੱਤੇ ਨਿਰਾ ਬੀਮਾਰੀ ਦਾ ਘਰ ਹੁੰਦੇ ਨੇ।"

ਜਗਦੀਸ਼ ਨੂੰ ਜੇ ਹੋਰ ਕਿਸੇ ਕਾਰਨ ਧੱਪਾ ਪੈਂਦਾ ਤਾਂ ਉਹ ਛੱਤ ਸਿਰ ਤੇ ਚੁੱਕ ਲੈਂਦਾ, ਪਰ ਇਸ ਵੇਲੇ ਉਹ ਕੁਸਕਿਆ ਤੱਕ ਨਹੀਂ। ਸਗੋਂ ਅਜਿਹੀ ਨਜ਼ਰ ਨਾਲ ਪਿਉ ਵੱਲ ਤੱਕਣ ਲੱਗਾ, ਮਾਨੋਂ ਉਸ ਨੇ ਕੋਈ ਬੜਾ ਭਾਰੀ ਕਸੂਰ ਕੀਤਾ ਹੋਵੇ। ਉਸ ਨੇ ਆਪਣੇ ਪਿਆਰੇ ਬੂੰਗੇ ਲਈ ਸ਼ਹਿਰ ਨਿਕਾਲੇ ਦਾ ਹੁਕਮ ਸੁਣਿਆ ਤੇ ਕਲੇਜਾ ਮਸੋਸ ਕੇ ਰਹਿ ਗਿਆ। ਜਾਂਦੇ ਬੂੰਗੇ ਨੂੰ ਉਸ ਨੇ ਇਕ ਵਾਰੀ ਨਜ਼ਰ ਭਰ ਕੇ ਵੇਖਣਾ ਚਾਹਿਆ, ਪਰ ਸਿਰ ਤੇ ਪਿਉ ਨੂੰ ਖੜਾ ਵੇਖ ਕੇ ਅੱਖਾਂ ਨਾ ਚੁੱਕ ਸਕਿਆ। ਅਖ਼ੀਰ ਜਦ ਸਾਰਾ ਤਾਣ ਲਾ ਕੇ ਉਸ ਨੇ ਨਜ਼ਰ ਫੇਰੀ ਵੀ, ਤਾਂ ਉਸ ਦਾ ਬੂੰਗਾ ਕਿਤੇ ਪਹੁੰਚ ਚੁੱਕਾ ਸੀ।

ਸਾਰਾ ਦਿਨ ਜਗਦੀਸ਼ ਉਦਾਸ ਰਿਹਾ। ਉਹ ਘੜੀ ਮੁੜੀ ਕਿਸੇ ਲਹਿਜੇ ਬਹਾਨੇ ਗਲੀ ਦਾ ਮੋੜ ਭਉਂ ਕੇ ਬਜ਼ਾਰ ਦੇ ਸਿਰੇ ਤੀਕ ਜਾਂਦਾ, ਜਿਥੋਂ ਤੱਕ ਉਸ ਦੀ ਨਜ਼ਰ ਜਾ ਸਕਦੀ ਸੀ, ਬਜ਼ਾਰ ਦੇ ਦੁਹਾਂ ਸਿਰਿਆਂ ਨੂੰ ਝਾਕਦਾ, ਪਰ ਹਰ ਵਾਰੀ ਉਸ ਨੂੰ ਨਿਰਾਸ ਮੁੜਨਾ ਪੈਂਦਾ।

ਰਾਤ ਪਈ। ਉਸ ਨੂੰ ਪੱਕਾ ਵਿਸ਼ਵਾਸ ਸੀ ਕਿ ਕਲ੍ਹ ਵਾਂਗ ਅੱਜ ਵੀ ਉਸ ਦਾ ਬੂੰਗਾ ਆ ਨਿਕਲੇਗਾ। ਕਲ੍ਹ ਦੀ ਬਾਬਤ ਉਸ ਨੂੰ ਘੜੀ ਮੁੜੀ ਅਫਸੋਸ ਹੁੰਦਾ ਕਿ ਬੂੰਗਾ ਦੀ ਆਮਦ ਵੇਲੇ ਉਹ ਕਿਉਂ ਨਾ ਜਾਗਦਾ ਰਿਹਾ, ਤਾਂ ਜੁ ਜਿਨ੍ਹਾਂ ਚਿਰ ਬੂੰਗਾ ਉਸ ਦੇ ਨਾਲ ਸੁੱਤਾ ਰਿਹਾ ਸੀ, ਉਹ ਰੱਜ ਕੇ ਉਸ ਨੂੰ ਪਿਆਰ ਤਾਂ ਕਰ ਲੈਂਦਾ।

ਉਸ ਨੇ ਫੈਸਲਾ ਕਰ ਲਿਆ ਕਿ ਅੱਜ ਸਾਰੀ ਰਾਤ ਉਹ ਪੂਰੀ ਚੌਕਸੀ ਨਾਲ ਉਡੀਕ ਕਰੇਗਾ।

ਜਿਉਂ ਹੀ ਜ਼ਰਾ ਕੁ ਉਸ ਦੀ ਅੱਖ ਲੱਗਣ ਲਗਦੀ ਕਿ ਝੱਟ ਪਟ ਚਿੰਤਨ ਹੋ ਜਾਂਦਾ ਤੇ ਮੁੜ ਮੁੜ ਬਿਸਤਰੇ ਦੇ ਸੱਜੇ ਖੱਬੇ ਹੱਥ ਮਾਰਦਾ ਤੇ ਕਦੇ ਕਮਰੇ ਵਿਚ ਨਜ਼ਰ ਦੁੜਾਂਦਾ। ਸੁੱਤਿਆਂ ਸੁੱਤਿਆਂ ਕਿਸੇ ਕਿਸੇ ਵੇਲੇ ਉਸ ਦੇ ਕੰਨਾਂ ਨੂੰ 'ਮਿਆਉਂ ਦਾ ਭਰਮ ਜਿਹਾ ਪੈਂਦਾ ਤੇ ਉਹ ਉਠ ਕੇ ਬੈਠ ਜਾਂਦਾ। ਪਰ ਉਸ ਦਾ ਇਹ ਭਰਮ ਦੂਰ ਹੋ ਜਾਂਦਾ ਜਦ ਉਸ ਨੂੰ ਸਮਝ ਆਉਂਦੀ ਕਿ ਇਹ ਤਾਂ ਕੋਈ ਟਿੱਡੀ ਟੀਂ ਟੀਂ ਕਰ ਰਹੀ ਹੈ, ਅਥਵਾ ਉਸ ਦੇ ਸੁੱਤੇ ਹੋਏ ਬਾਬੂ ਜੀ ਦੇ ਸਾਹ ਲੈਣ ਦੀ ਆਵਾਜ਼ ਹੈ।

ਅਧ-ਨੀਂਦੇ ਦੀ ਹਾਲਤ ਵਿਚ ਸਾਹਮਣੀ ਕੰਧ ਵੱਲ ਵੇਖ ਕੇ ਬਲੂੰਗੜੇ ਦਾ ਝਾਉਲਾ ਪੈਂਦਾ, ਪਰ ਜਦ ਗਹੁ ਨਾਲ ਵੇਖਦਾ, ਤਾਂ ਉਸ ਨੂੰ ਪਤਾ ਲੱਗਦਾ ਕਿ ਇਹ ਤਾਂ ਉਸ ਦੀ ਕਲ੍ਹ ਵਾਲੀ ਨਿੱਕਰ ਧੋ ਕੇ ਉਸ ਦੀ ਬੀਬੀ ਨੇ ਕਿੱਲੀ ਨਾਲ ਟੰਗੀ ਹੋਈ ਹੈ।

ਰਾਤ ਦਾ ਚੋਥਾ ਹਿੱਸਾ ਉਸ ਨੇ ਇਵੇਂ ਹੀ ਗੁਜ਼ਰਿਆ।

... ... ...

ਵੱਡੇ ਵੇਲੇ ਜਗਦੀਸ਼ ਆਪਣੇ ਨੀਯਤ ਸਮੇਂ ਨਹੀਂ ਜਾਗਿਆ। ਉਮਾ ਦੇਵੀ ਨੇ ਜਦ ਉਸ ਨੂੰ ਜਗਾਇਆ, ਤਾਂ ਉਸ ਨੂੰ ਪਤਾ ਲੱਗਾ ਕਿ ਜਗਦੀਸ਼ ਨੂੰ ਬੁਖ਼ਾਰ ਚੜ੍ਹਿਆ ਹੋਇਆ ਹੈ। ਦੋਵੇਂ ਪਤੀ ਪਤਨੀ ਚਿੰਤਾਤੁਰ ਹੋ ਗਏ।

ਦੀਨਾ ਨਾਥ ਅੱਜ ਸਾਰੀ ਦਿਹਾੜੀ ਦਫ਼ਤਰ ਵਿਚ ਬੇਚੈਨ ਰਿਹਾ। ਉਸ ਨੂੰ ਮੁੜ ਮੁੜ ਇਹੋ ਖ਼ਿਆਲ ਆਉਂਦਾ ਕਿ ਮੁੰਡੇ ਨੂੰ ਭਾਵੇਂ ਬਲੂੰਗੜੇ ਨੇ ਹੀ ਬੀਮਾਰ ਕਰ ਦਿੱਤਾ ਹੋਵੇ। ਉਮਾ ਦੇਵੀ ਉਤੇ ਉਸ ਨੂੰ ਘੜੀ ਮੁੜੀ ਗੁੱਸਾ ਆਉਂਦਾ। ਉਹ ਦਿਲ ਵਿਚ ਕਹਿੰਦਾ—ਉਸ ਨੂੰ ਹਜ਼ਾਰ ਵੇਰਾਂ ਸਮਝਾ ਚੁੱਕਾ ਸਾਂ ਕਿ ਬਿੱਲੀਆਂ ਕੁੱਤਿਆਂ ਦੇ ਨੱਕ ਮੂੰਹ ਦੀ ਹਵਾ ਬੜੀ ਖਤਰਨਾਕ ਹੁੰਦੀ ਏ—ਮੁੰਡੇ ਨੂੰ ਇਨ੍ਹਾਂ ਨਾਲ ਨਾ ਖੇਡਣ ਦਿਆਂ ਕਰ, ਪਰ ਬੇ-ਸਮਝ ਤੀਵੀਂ ਨੇ ਇਕ ਨਾ ਸੁਣੀ। ਨਾ ਜਾਣੀਏਂ ਬਲੂੰਗੜੇ ਦਾ ਕੋਈ ਵਾਲ ਹੀ ਮੁੰਡੇ ਦੇ ਅੰਦਰ ਚਲਾ ਗਿਆ ਹੋਵੇ!

ਅੱਜ ਉਹ ਰੋਜ਼ ਨਾਲੋਂ ਸਵੱਖਤੇ ਦਫ਼ਤਰੋਂ ਛੁੱਟੀ ਲੈ ਕੇ ਘਰ ਆ ਗਿਆ। ਉਸ ਵੇਖਿਆ, ਜਗਦੀਸ਼ ਬੁਖ਼ਾਰ ਨਾਲ ਬੇ-ਸੁਰਤ ਪਿਆ ਸੀ। ਦੀਨਾ ਨਾਥ ਘੜੀ ਮੁੜੀ ਉਮਾ ਦੇਵੀ ਨੂੰ ਛਿੱਥਾ ਹੁੰਦਾ। ਉਹ ਵਿਚਾਰੀ ਸਿਰ ਨੀਵਾਂ ਪਾ ਲੈਂਦੀ ਸ਼ਰਮਿੰਦੀ ਹੋ ਕੇ।

... ... ...

ਬੁਖ਼ਾਰ ਦਿਨੋਂ ਦਿਨ ਭਿਆਨਕ ਸ਼ਕਲ ਫੜਦਾ ਗਿਆ। ਅਖ਼ੀਰ ਦੀਨਾ ਨਾਥ ਨੂੰ ਕੁਝ ਦਿਨਾਂ ਦੀ ਛੁੱਟੀ ਲੈਣੀ ਪਈ। ਬਥੇਰੇ ਇਲਾਜ ਕੀਤੇ, ਪਰ ਮੁੰਡੇ ਨੂੰ ਕਿਸੇ ਦਵਾ ਦਾਰੂ ਨਾਲ ਫਰਕ ਨਾ ਪਿਆ। ਉਹ ਦਿਨੋਂ ਦਿਨ ਥੱਲੇ ਹੀ ਥੱਲੇ ਜਾਣ ਲੱਗਾ।

... ... ...

ਸਿਆਲ ਦੀਆਂ ਲੰਮੀਆਂ ਰਾਤਾਂ ਅੱਖਾਂ ਵਿਚ ਤੇ ਦਿਨ ਨੱਠੋ ਭੱਜੀ ਵਿਚ ਬਿਤਾਂਦਿਆਂ ਪੂਰੇ ਤਿੰਨ ਹਫ਼ਤੇ ਹੋ ਗਏ, ਪਰ ਜਗਦੀਸ਼ ਨੇ ਮੰਜੇ ਦੀ ਸਾਂਝ ਨਾ ਛੱਡੀ। ਉਮਾ ਦੇਵੀ ਜਦ ਉਸ ਨੂੰ ਵੇਖਦੀ ਤਾਂ ਉਸ ਦਾ ਦਿਲ ਰੋ ਉਠਦਾ। ਜਗਦੀਸ਼ ਵਿਚ ਹੁਣ ਬੋਲਣ ਚਾਲਣ ਦੀ ਸਮਰੱਥਾ ਨਹੀਂ ਸੀ। ਉਸ ਦੇ ਮਘਦੇ ਬੁਲ੍ਹਾਂ ਨਾਲ ਬੁਲ੍ਹ ਜੋੜੀ ਉਮਾ ਦੇਵੀ ਕਿੰਨਾ ਚਿਰ ਅੱਥਰੂਆਂ ਨਾਲ ਉਸ ਦਾ ਮੂੰਹ ਭੇਉਂਦੀ ਰਹਿੰਦੀ।

ਦੀਨਾ ਨਾਥ ਤਾਂ ਪਾਗਲ ਹੀ ਹੋਇਆ ਫਿਰਦਾ ਸੀ, ਉਸ ਨੂੰ ਕੁਝ ਪਤਾ ਨਹੀਂ ਸੀ ਲਗਦਾ ਕਿ ਇਤਨੀ ਛੇਤੀ ਇਹ ਕੀ ਭਾਣਾ ਵਰਤ ਗਿਆ। ਉਸ ਨੂੰ ਸਹੇ ਦੀ ਛੱਡ ਕੇ ਪਹੇ ਦੀ ਪੈ ਗਈ ਸੀ। ਜਗਦੀਸ਼ ਦੇ ਨਾਲ ਨਾਲ ਹੀ ਉਮਾ ਦੇਵੀ ਦਾ ਜੀਵਨ ਵੀ ਉਸ ਨੂੰ ਖ਼ਤਰੇ ਵਿਚ ਦਿਸ ਰਿਹਾ ਸੀ, ਜਿਸ ਨੇ ਕਈਆਂ ਦਿਨਾਂ ਤੋਂ ਅੰਨ ਦਾ ਭੋਰਾ ਨਹੀਂ ਸੀ ਛੋਹਿਆ। ਉਸ ਦੀ ਫੁਲਵਾੜੀ ਫੁੱਲਾਂ ਸਣੇ ਮੁਰਝਾ ਰਹੀ ਸੀ।

... ... ...

ਦੁਹਾਂ ਪਤੀ ਪਤਨੀ ਲਈ ਅੱਜ ਦੀ ਰਾਤ ਖ਼ਾਸ ਤੌਰ ਤੇ ਡਾਢੀ ਹੀ ਮਸੀਬਤ ਦੀ ਸੀ। ਸ਼ਾਮੀ ਡਾਕਟਰ ਜਾਂਦਾ ਹੋਇਆ ਕਹਿ ਗਿਆ ਸੀ ਕਿ ਅੱਜ ਮੁੰਡੇ ਦਾ ਖ਼ਾਸ ਤੌਰ ਤੇ ਖ਼ਿਆਲ ਰੱਖਣਾ ਜੇ ਰਾਤ ਸੁੱਖ ਸਾਂਦ ਦੀ ਲੰਘ ਗਈ ਤਾਂ ਵੱਡੇ ਵੇਲੇ ਸਵੇਰੇ ਹੀ ਮੈਨੂੰ ਖ਼ਬਰ ਕਰਨੀ।

ਦੁਹਾਂ ਵਹੁਟੀ ਗਭਰੂ ਨੇ ਰਾਤ ਦੇ ਤਿੰਨ ਪਹਿਰ ਬੈਠਿਆਂ ਬਿਤਾ ਦਿੱਤੇ। ਦੀਨਾ ਨਾਥ ਬਥੇਰੀ ਕੋਸ਼ਿਸ਼ ਕਰਦਾ ਕਿ ਜਗਦੀਸ਼ ਲੈ ਲਵੇ, ਪਰ ਉਮਾ ਦੇਵੀ ਇਕ ਮਿੰਟ ਲਈ ਵੀ ਉਸ ਨੂੰ ਆਪਣੀ ਗੋਦ 'ਚੋਂ ਵੱਖ ਨਹੀਂ ਸੀ ਕਰਨਾ ਚਾਹੁੰਦੀ। ਉਹ ਬਰਾਬਰ ਉਸ ਦੇ ਚਿਹਰੇ ਤੇ ਨਜ਼ਰ ਟਿਕਾਈ ਬੈਠੀ ਰਹੀ ਤੇ ਇਸੇ ਬੈਠਕ ਵਿਚ ਉਸ ਨੇ ਰਾਤ ਤੋਂ ਪ੍ਰਭਾਤ ਕਰ ਦਿੱਤੀ। ਜਗਦੀਸ਼ ਨੂੰ ਅੱਖ ਪੁਟਿਆਂ ਅੱਠ ਪਹਿਰ ਹੋ ਚਲੇ ਸਨ।

ਜਦ ਇਸੇ ਤਰ੍ਹਾਂ ਬੈਠਿਆਂ ਬੈਠਿਆਂ ਉਮਾ ਦੇਵੀ ਦਾ ਲੱਕ ਆਕੜ ਗਿਆ ਤੇ ਲੱਤਾਂ ਸਉਂ ਗਈਆਂ, ਤਾਂ ਉਸ ਨੇ ਪਤੀ ਵੱਲ ਤੱਕਿਆ, ਪਰ ਉਹ ਸੁੱਤਾ ਹੋਇਆ ਸੀ।

ਉਸ ਨੇ ਜਗਦੀਸ਼ ਨੂੰ ਮੰਜੇ ਤੇ ਪਾ ਦਿੱਤਾ ਤੇ ਆਪ ਲੱਕ ਸਿੱਧਾ ਕਰਨ ਦੇ ਖ਼ਿਆਲੋਂ ਉਠ ਕੇ ਖੜੀ ਹੋ ਗਈ। ਇਸ ਵੇਲੇ ਉਸ ਦੇ ਕੰਨਾਂ ਵਿਚ ਕੁਝ ਖੜਖੜ ਦੀ ਆਵਾਜ਼ ਪਈ, ਪਰ ਉਸ ਦਾ ਧਿਆਨ ਜਗਦੀਸ਼ ਵੱਲ ਸੀ। ਜਗਦੀਸ਼ ਦੀਆਂ ਅੱਖਾਂ ਅੱਜ ਉਸ ਨੂੰ ਡਰਾਉਣੀਆਂ ਜਿਹੀਆਂ ਜਾਪਦੀਆਂ ਸਨ, ਇਸੇ ਕਰ ਕੇ ਉਹ ਬਰਾਬਰ ਇਨ੍ਹਾਂ ਵੱਲ ਤੱਕ ਰਹੀ ਸੀ ਤੇ ਇਸ ਦੇ ਨਾਲ ਹੀ ਕਈ ਭੈੜੇ ਖ਼ਿਆਲ ਆ ਆ ਕੇ ਉਸ ਦੇ ਦਿਲ ਨੂੰ ਤੜਫਾ ਰਹੇ ਸਨ।

ਖਲਿਆਂ ਖਲਿਆਂ ਉਸ ਦਾ ਧਿਆਨ ਹੋਰ ਵਧੇਰੇ ਜਗਦੀਸ਼ ਵੱਲ ਖਿਚਿਆ ਗਿਆ ਜਦ ਉਸ ਨੇ ਵੇਖਿਆ ਕਿ ਉਹ ਅੱਖਾਂ ਖੋਲ੍ਹਣ ਦਾ ਜਤਨ ਕਰ ਰਿਹਾ ਹੈ ਤੇ ਉਸ ਦੇ ਬੁਲ੍ਹ ਵੀ ਕੁਝ ਕੁਝ ਫਰਕ ਰਹੇ ਹਨ।

ਝਟ ਪਟ ਮੰਜੇ ਤੇ ਬੈਠ ਕੇ ਉਸ ਨੇ ਕਾਕੇ ਨੂੰ ਮੁੜ ਗੋਦ ਵਿਚ ਲੈ ਲਿਆ। ਇਸ ਵੇਲੇ ਫੇਰ ਉਸ ਨੂੰ ਬਹਾਰੋਂ ਆਵਾਜ਼ ਆਈ, ਜਿਵੇਂ ਕੋਈ ਬੂਹੇ ਨੂੰ ਖਰੋਚ ਰਿਹਾ ਹੋਵੇ। ਪਰ ਉਸ ਨੇ ਫੇਰ ਵੀ ਉਸ ਪਾਸੇ ਧਿਆਨ ਨਾ ਦਿੱਤਾ, ਕਿਉਂਕਿ ਜਗਦੀਸ਼ ਇਸ ਵੇਲੇ ਅੱਧ-ਖੁਲ੍ਹੀਆਂ ਅੱਖਾਂ ਨਾਲ ਮਾਂ ਵੱਲ ਤੱਕ ਰਿਹਾ ਸੀ, ਨਾਲ ਹੀ ਬੁਲ੍ਹਾਂ ਵਿਚ ਕੁਝ ਕਹਿ ਰਿਹਾ ਸੀ, ਜਿਸ ਨੂੰ ਉਮਾ ਦੇਵੀ ਸਮਝਣ ਦਾ ਜਤਨ ਕਰ ਰਹੀ ਸੀ।

ਜਗਦੀਸ਼ ਨੂੰ ਚੌਵੀਆਂ ਘੰਟਿਆਂ ਪਿਛੋਂ ਅਚਾਨਕ ਇਸ ਤਰ੍ਹਾਂ ਦੀ ਹਰਕਤ ਕਰਦਿਆਂ ਵੇਖ ਕੇ ਉਸ ਦੇ ਅੰਦਰ ਖੁਸ਼ੀ ਦੀ ਲਹਿਰ ਦੌੜ ਗਈ, ਪਰ ਝਟ ਹੀ ਇਕ ਡਰਾਉਣੇ ਖ਼ਿਆਲ ਆ ਗਿਆ ਕਿ ਅੰਤਮ ਘੜੀਆਂ ਉਤੇ ਅਕਸਰ ਰੋਗੀ ਇਸੇ ਤਰ੍ਹਾਂ ਦੀਆਂ ਹਰਕਤਾਂ ਕਰਿਆ ਕਰਦੇ ਹਨ ਤੇ ਕੁਝ ਚਿੰਤਨ ਵੀ ਹੋ ਜਾਇਆ ਕਰਦੇ ਹਨ।

ਉਸ ਨੇ ਜਗਦੀਸ਼ ਦੇ ਮੱਥੇ ਤੇ ਹੱਥ ਫੇਰਦਿਆਂ ਸਹਿਮ ਭਰੀ ਆਵਾਜ਼ ਵਿਚ ਕਿਹਾ..."ਦੀਸ਼! ਕਿਉਂ ਕਾਕਾ? ਕੀ ਕਿਹਾ ਈ? ਉੱਚੀ ਬੋਲ ਕੇ......।"

ਉਸ ਦਾ ਵਾਕ ਅਜੇ ਖ਼ਤਮ ਹੀ ਨਹੀਂ ਸੀ ਹੋਇਆ ਕਿ ਬਾਹਰੋਂ ਧੀਮੀ ਜਿਹੀ ਆਵਾਜ਼ ਆਈ 'ਮਿਆਉਂ'। ਤੇ ਇਸ ਨਾਲੋਂ ਧੀਮੀ ਜਿਹੀ ਅਵਾਜ਼ ਵਿਚ ਜਗਦੀਸ਼ ਦੇ ਮੂੰਹੋਂ ਨਿਕਲਿਆ—"ਬੀਬੀ..ਬੂੰਗਾ" ਜਿਵੇਂ ਕੋਈ ਸੁੱਤਾ ਸੁੱਤਾ ਤ੍ਰਪਕ ਉਠਦਾ ਹੈ, ਉਮਾ ਦੇਵੀ ਨੂੰ ਇਹ ਭੁਲੀ ਹੋਈ ਗੱਲ ਯਾਦ ਆ ਗਈ ਤੇ ਉਹ

ਉਠ ਕੇ ਬੂਹੇ ਵੱਲ ਨੱਸੀ।

ਉਸ ਨੇ ਬੂਹਾ ਖੋਲ੍ਹ ਕੇ ਵੇਖਿਆ, ਬਾਹਰ ਇਕ ਮਰੀਅਲ ਜਿਹਾ ਬਲੂੰਗੜਾ—ਜਿਸ ਦਾ ਸਰੀਰ ਕੇਵਲ ਹੱਡੀਆਂ ਤੇ ਖੱਲੜੀ ਮਾਤਰ ਹੀ ਸੀ ਅਗਲੇ ਪੰਜਿਆਂ ਨਾਲ ਬੂਹੇ ਨੂੰ ਖਰੋਚ ਰਿਹਾ ਸੀ ਤੇ ਬੂਹਾ ਖੁਲ੍ਹਦਿਆਂ ਹੀ ਦਲ੍ਹੀਜ ਟੱਪਣ ਲਈ ਜ਼ੋਰ ਲਾਣ ਲੱਗਾ।

ਇਧਰ ਬਲੂੰਗੜਾ ਦਲ੍ਹੀਜ ਟੱਪਣ ਦਾ ਅਸਫਲ ਜਤਨ ਕਰ ਰਿਹਾ ਸੀ, ਉਧਰ ਜਗਦੀਸ਼ ਉਠਣ ਦੀ ਕੋਸ਼ਿਸ਼ ਵਿਚ ਨਾਕਾਮ ਰਹਿ ਰਿਹਾ ਸੀ। ਪਰ ਦੂਹਾਂ ਨੂੰ ਇਸ ਤੋਂ ਵਧੀਕ ਖੇਚਲ ਕਰਨ ਦੀ ਲੋੜ ਨਾ ਪਈ। ਦੂਜੇ ਪਲ ਉਮਾ ਦੇਵੀ ਨੇ ਚਿੱਕੜ ਮਿੱਟੀ ਨਾਲ ਲਿਬੜਿਆ ਬਲੂੰਗੜਾ ਲਿਆ ਕੇ ਜਗਦੀਸ਼ ਦੀ ਛਾਤੀ ਤੇ ਰਖ ਦਿੱਤਾ।

ਬਲੂੰਗੜੇ ਨੂੰ ਤਕਦਿਆਂ ਹੀ ਜਗਦੀਸ਼ ਦੇ ਚਿਹਰੇ ਤੇ ਅੱਖਾਂ ਵਿਚ ਇਕ ਅਨੋਖੀ ਚਮਕ ਆ ਗਈ। ਕਾਹਲੇ ਕਾਹਲੇ ਸਾਹ ਲੈਂਦਾ ਹੋਇਆਂ ਉਹ ਉਮਾ ਦੇਵੀ ਵੱਲ ਤੱਕ ਕੇ ਨਿੰਮ੍ਹੀ ਅਵਾਜ਼ ਵਿਚ ਬੋਲਿਆ—"ਬੀਬੀ! ਬੂੰਗਾ...ਮੇਲਾ ਬੂੰਗਾ ਆ ਗਿਆ।

ਦੀਨਾ ਨਾਥ ਦੀ ਵੀ ਅੱਖ ਖੁਲ੍ਹ ਗਈ ਸੀ। ਸੁਨਹਿਰੀ ਸੁਪਨੇ ਵਾਂਗ ਇਹ ਸਭ ਕੁਝ ਉਸ ਨੇ ਤਕਿਆ। ਉਮਾ ਦੇਵੀ ਦਾ ਤਾਂ ਖੁਸ਼ੀ ਨਾਲ ਦਿਲ ਛਾਂਤੀਓਂ ਬਾਹਰ ਨਿਕਲ ਨਿਕਲ ਪੈਂਦਾ ਸੀ। ਉਸ ਨੇ ਪਤੀ ਵੱਲ ਇਕ ਭੇਤ ਭਰੀ ਨਜ਼ਰ ਨਾਲ ਤੱਕਿਆ ਤੇ ਦੀਨਾ ਨਾਥ ਨੇ ਖੁਸ਼ੀ ਭਰੀ ਸ਼ਰਮਿੰਦਗੀ ਨਾਲ ਸਿਰ ਨੀਵਾਂ ਪਾ ਲਿਆ।

ਬੂੰਗਾ ਕੀ ਆਇਆ, ਜਗਦੀਸ਼ ਲਈ ਧਨੰਤਰ ਵੈਦ ਆ ਗਿਆ। ਅੱਧੇ ਘੰਟੇ ਦੇ ਅੰਦਰ ਉਹ ਚੰਗੀ ਤਰ੍ਹਾਂ ਹਿੱਲਣ ਜੁੱਲਣ ਜੋਗਾ ਹੋ ਗਿਆ। ਬਲੂੰਗੜਾ ਉਸ ਦੀ ਛਾਤੀ ਨਾਲ ਸੀ, ਤੇ ਬਲੂੰਗੜੇ ਦਾ ਮੂੰਹ ਉਸ ਦੇ ਮੂੰਹ ਨਾਲ। ਦੀਨਾ ਨਾਥ ਅਸਚਰਜ ਭਰੀ ਨਜ਼ਰ ਨਾਲ ਇਹ ਕੌਤਕ ਵੇਖ ਰਿਹਾ ਸੀ। ਬਲੂੰਗੜੇ ਨੂੰ ਜਗਦੀਸ਼ ਪਾਸੋਂ ਖੋਹਣਾ ਬਹੁਤ ਸੌਖਾਲਾ ਸੀ—ਜਦ ਕਿ ਨਾ ਤਾਂ ਜਗਦੀਸ਼ ਵਿਚ ਅੜੀ ਕਰਨ ਦੀ ਤਾਕਤ ਸੀ ਨਾ ਹੀ ਬਲੂੰਗੜਾ ਨਹੁੰਦਰਾਂ ਮਾਰਨ ਜੋਗਾ ਸੀ, ਪਰ ਦੀਨਾ ਨਾਥ ਵਿਚ ਹੀ ਏਨੀ ਤਾਕਤ ਕਿਥੇ ਸੀ ਜੁ ਦੋਂਹ ਚਿਰੀ ਵਿਛੰਨੀਆਂ

ਰੂਹਾਂ ਨੂੰ ਨਿਖੇੜ ਸਕਦਾ।

ਰੋਜ਼ ਦੇ ਨੇਮ ਅਨੁਸਾਰ ਉਸ ਨੇ ਜਦ ਥਰਮਾਮੀਟਰ ਲਾ ਕੇ ਵੇਖਿਆ ਤਾਂ ਬੁਖ਼ਾਰ—ਜਿਹੜਾ ਰਾਤੀਂ ੧੦੪ ਤੋਂ ਉਪਰ ਸੀ—ਇਸ ਵੇਲੇ ਨਾਰਮਲ ਡਿਗਰੀ ਤੇ ਪੁੱਜਾ ਹੋਇਆ ਸੀ।

ਤਦੇ ਨੌਕਰ ਨੇ ਆ ਕੇ ਉਸ ਨੂੰ ਪੁਛਿਆ—"ਬਾਊ ਜੀ, ਡਾਕਟਰ ਵੱਲ ਜਾਵਾਂ ? ਕੀ ਕਹਾਂ ਉਸ ਨੂੰ ?"

ਦੀਨਾ ਨਾਥ ਦੇ ਉੱਤਰ ਦੇਣ ਤੋਂ ਪਹਿਲਾ ਹੀ ਉਮਾ ਦੇਵੀ ਮੁਸਕਰਾਂਦੀ ਹੋਈ ਨੌਕਰ ਨੂੰ ਕਹਿਣ ਲੱਗੀ—"ਨਹੀਂ ਹੁਣ ਡਾਕਟਰ ਵੱਲ ਜਾਣ ਦੀ ਲੋੜ ਨਹੀਂ। ਸਾਡੇ ਘਰ 'ਵੱਡਾ ਡਾਕਟਰ' ਆ ਗਿਆ ਏ।"

# ਭਾਬੀ

ਮਾਲਤੀ ਚੌਦਾਂ ਵਰ੍ਹਿਆਂ ਦੀ ਵਿਆਹੀ ਸੀ, ਤੇ ਇਸ ਵੇਲੇ ਉਹਦੀ ਉਮਰ ਵੀਹਾਂ ਵਰ੍ਹਿਆਂ ਦੀ ਹੈ। ਵਹੁਟੀ ਬਣਨ ਤੋਂ ਬਾਦ ਇਸ ਵੇਲੇ ਉਸ ਦੀ ਉਮਰ ਮਾਂ ਬਣਨ ਦੀ ਹੈ, ਪਰ ਭਾਗਾਂ ਦੀ ਗੱਲ ਕਿ ਉਹ ਅਜੇ ਤੀਕ ਮਾਂ ਨਹੀਂ ਬਣ ਸਕੀ। ਪਰ ਮਾਂ ਨਾ ਹੁੰਦੀ ਹੋਈ ਵੀ ਉਹ ਇਕ ਚੰਗੀ ਭਾਬੀ ਜ਼ਰੂਰ ਹੈ। ਕੰਵਲ ਵਰਗਾ ਦਿਉਰ ਪਾ ਕੇ ਉਸ ਦਾ ਦਿਲ ਇਹ ਮੰਨਣੋਂ ਇਨਕਾਰੀ ਹੈ ਕਿ ਭਾਬੀ ਨਾਲੋਂ ਮਾਂ ਹੋਣਾ ਕੋਈ ਫ਼ਖ਼ਰ ਦੀ ਗੱਲ ਹੁੰਦੀ ਹੈ। ਜੋ ਸੁੱਖ ਉਸ ਨੂੰ ਭਾਬੀ ਹੋਣ ਵਿਚ ਹੈ, ਏਦੂੰ ਵੱਡੇ ਸੁੱਖ ਦੀ ਉਹਨੇ ਅੱਜ ਤੀਕ ਕਦੇ ਕਲਪਣਾ ਹੀ ਨਹੀਂ ਕੀਤੀ।

ਕੰਵਲ ਨਾਲ ਉਸ ਦਾ ਅਥਾਹ ਪਿਆਰ ਹੋਣ ਦਾ ਇਕ ਕਾਰਨ ਇਹ ਵੀ ਹੈ ਕਿ ਉਸ ਵਿਚਾਰੀ ਨੂੰ ਭੈਣ ਹੋਣ ਦਾ ਸੁਭਾਗ ਵੀ ਪ੍ਰਾਪਤ ਨਹੀਂ ਸੀ ਹੋਇਆ– ਉਹ ਮਾਪਿਆਂ ਦੀ ਇਕਲੌਤੀ ਸੰਤਾਨ ਹੈ। ਭੈਣ-ਪਣੇ ਅਤੇ ਮਾਂ-ਪਣੇ ਦੇ ਅਭਾਵ ਨੂੰ ਉਹ ਭਾਬੀ ਪਣੇ ਨਾਲ ਪੂਰਾ ਕਰ ਲੈਂਦੀ ਹੈ।

ਇਸ ਵਿਚ ਰਤਾ ਵੀ ਸ਼ੱਕ ਨਹੀਂ ਕਿ ਸਹੁਰੇ ਘਰ ਵਿਚ ਜੇ ਉਸ ਲਈ ਪਿਆਰਾ ਕੰਵਲ ਨਾ ਹੁੰਦਾ ਤਾਂ ਜੀਵਨ ਉਸ ਲਈ ਬੋਝਲ ਤੇ ਅਸਹਿ ਹੋ ਜਾਂਦਾ।

ਮਾਲਤੀ ਦੀ ਇਹ ਅਵਸਥਾ ਵੇਖ ਕੇ ਸਹਿਜੇ ਹੀ ਪ੍ਰਸ਼ਨ ਉਠਦਾ ਹੈ– "ਤੇ ਪਤੀ ?" ਹਾਂ ਪਤੀ ਉਸ ਦਾ ਹੈ ਤੇ ਉਹ ਵੀ ਮਾੜਾ ਮੋਟਾ ਨਹੀਂ, ਇਕ ਸਰਕਾਰੀ ਵਕੀਲ ਤੇ ਸ਼ਹਿਰ ਵਿਚ ਚੰਗਾ ਮੰਨਿਆ ਦੰਨਿਆ ਆਦਮੀ। ਪਰ ਪਤੀ ਹੋਣ ਲਈ ਜੋ ਚੀਜ਼ ਆਦਮੀ ਕੋਲ ਚਾਹੀਦੀ ਹੈ ਪ੍ਰੇਮ, ਉਹ ਉਸ ਪਾਸ ਨਹੀਂ ਦੇ ਬਰਾਬਰ ਹੈ। ਕਾਨੂੰਨੀ ਕਿਤਾਬਾਂ ਨੇ ਸ਼ੈਦ ਉਸ ਦਾ ਹਿਰਦਾ ਪ੍ਰੇਮ ਤੋਂ ਸੱਖਣਾ ਕਰ ਦਿੱਤਾ ਹੈ, ਪਰ ਕਦਰਤ ਨੇ ਇਸ ਦੇ ਬਦਲੇ ਪੰਡਤ ਬਾਲ ਮੁੰਕਦ ਨੂੰ– ਪਤਾ ਨਹੀਂ ਭੁਲੇਖੇ ਵਿਚ ਜਾਂ ਜਾਣ ਬੁਝ ਕੇ, ਇਕ ਹੋਰ ਚੀਜ਼ ਨਾਲ ਭਰ ਦਿੱਤਾ

ਹੈ, ਅਰਥਾਤ 'ਸ਼ੱਕ' ਦੀ ਦਾਤ ਨਾਲ। ਹੈ ਭਾਵੇਂ 'ਪ੍ਰੇਮ' ਵਾਂਗ ਇਹ ਵੀ ਦੋ ਅੱਖਰਾਂ ਹੀ ਸ਼ਬਦ, ਪਰ ਦੁਹਾਂ ਦੇ ਮੂਲ ਵਿਚ ਅਕਾਸ਼ ਪਤਾਲ ਦੀ ਫ਼ਰਕ ਹੈ। ਤੇ ਜਿਸ ਨੂੰ ਉਹ 'ਪ੍ਰੇਮ' ਸਮਝਦਾ ਹੈ, ਉਹ ਅਸਲ ਵਿਚ ਵਾਸ਼ਨਾ ਹੈ।

'ਸ਼ੱਕ' ਮੁੱਢ ਤੋਂ ਹੀ 'ਪ੍ਰੇਮ' ਨੂੰ ਠੁਕਰਾਂਦਾ ਤੇ ਤ੍ਰਿਸਕਾਰਦਾ ਆਇਆ ਹੈ।

ਪੰਡਤ ਬਾਲ ਮੁੰਕਦ ਕੁਝ ਤਾਂ ਸ਼ੱਕੀ ਤਬੀਅਤ ਦਾ ਸੀ ਤੇ ਕੁਝ ਕਿਸਮਤ ਨੇ ਉਹਨੂੰ ਪਾ ਦਿੱਤਾ ਵਕਾਲਤ ਦੇ ਖੁਸ਼ਕ ਪੈਸ਼ੇ ਵਿਚ, ਜਿਸ ਦਾ ਸ੍ਰੀ ਗਣੇਸ਼ ਹੀ ਸ਼ੱਕ ਤੋਂ ਹੁੰਦਾ ਹੈ। ਇਸ ਤੇ ਵਾਧਾ ਇਹ ਕਿ ਉਸ ਦਾ ਵਿਆਹ ਹੋਇਆ ਸੀ ਰਤਾ ਪਕੇਰੀ ਉਮਰੇ—੪੦ ਵਰ੍ਹਿਆਂ ਦੀ ਉਮਰੇ, ਤੇ ਉਹ ਵੀ ਕੁਝ ਥੈਲੀਆਂ ਦੀ ਮਦਦ ਨਾਲ।

ਇਹੋ ਕਾਰਨ ਹਨ ਕਿ ਪਤੀ ਦੀ ਸ਼ੱਕੀ ਤਲਵਾਰ ਹਰ ਵੇਲੇ ਮਾਲਤੀ ਦੇ ਸਿਰ ਤੇ ਲਟਕਦੀ ਰਹਿੰਦੀ ਸੀ। ਬੁੱਢੇ ਪਤੀ ਦੀ ਜੁਆਨ ਵਹੁਟੀ, ਤੇ ਫਿਰ ਅਤ ਦਰਜੇ ਦੀ ਸੁੰਦਰੀ। ਭਲਾ ਇਸ ਹਾਲਤ ਵਿਚ ਜੇ ਪਤੀ ਉਸ ਉਤੇ 'ਸ਼ੱਕ' ਦਾ ਪਹਿਰਾ ਨਾ ਰੱਖੇ ਤਾ ਹੋਰ ਕੀ ਕਰੇ! ਕਾਇਦੇ ਦੀ ਗੱਲ ਹੈ ਕਿ ਚੋਰ ਚਤਾਰ ਦਾ ਬਹੁਤਾ ਡਰ ਓਸੇ ਕਿਰਸਾਨ ਨੂੰ ਹੁੰਦਾ ਹੈ, ਜਿਹੜਾ ਆਪਣੀ ਖੇਤੀ ਨੂੰ ਸਾਂਭਣ ਤੋਂ ਅਸਮਰਥ ਹੋਵੇ।

ਕੰਵਲ ਦੀ ਉਮਰ ਇਸ ਵੇਲੇ ੧੬ ਵਰ੍ਹਿਆਂ ਦੀ ਹੈ। ਉਸ ਨੇ ਏਸੇ ਸਾਲ ਦਸਵੀਂ ਪਾਸ ਕੀਤੀ ਹੈ, ਪਰ ਅਜੇ ਤੀਕ ਉਹ ਦੁਨੀਆਂਦਾਰੀ ਦੀ ਹਵਾ ਤੋਂ ਅਣਭਿੱਜ ਹੈ। ਅਜੇ ਤੋੜੀ ਉਹ ਆਪਣੀ ਭਾਬੀ ਨਾਲ ਇੰਞਾਣੇ ਬਾਲਾਂ ਵਾਂਗ ਹੀ ਲਾਡ ਪਿਆਰ ਕਰਦਾ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਨਿੱਕੇ ਹੁੰਦਿਆਂ ਤੋਂ ਹੀ ਕਿਸਮਤ ਨੇ ਉਸ ਤੋਂ ਮਾਂ ਦੀ ਗੋਦੀ ਖੋਹ ਲਈ ਸੀ, ਪਰ ਚੰਗੇ ਭਾਗਾਂ ਨੇ ਉਸ ਨੂੰ ਇਕ ਮਿਹਰਬਾਨ ਭਾਬੀ ਦੀ ਗੋਦ ਦੇ ਕੇ ਉਸ ਦੀ ਘਾਟ ਪੂਰੀ ਕਰ ਦਿੱਤੀ ਸੀ।

ਮਾਲਤੀ ਨੂੰ ਕੰਵਲ ਦੇ ਨਿਸ਼ਕਾਮ ਤੇ ਪਵਿੱਤਰ ਪਿਆਰ ਨੇ ਇਤਨੀ ਬੇਖੁਦ ਕਰ ਦਿੱਤਾ ਕਿ ਜ਼ਮਾਨੇ ਦੀਆਂ ਨਿਸ਼ਾਨੇ-ਬਾਜ਼ ਅੱਖਾਂ ਵੱਲ ਧਿਆਨ ਦੇਣ ਦੀ ਉਸ ਨੂੰ ਵੇਹਲ ਹੀ ਕਦੇ ਨਹੀਂ ਸੀ ਲੱਗੀ, ਇਥੋਂ ਤੱਕ ਕਿ ਪਤੀ ਦੀਆਂ ਨਜ਼ਰਾਂ ਵੱਲ ਵੀ ਉਸ ਦਾ ਕਦੇ ਖ਼ਿਆਲ ਨਹੀਂ ਸੀ ਗਿਆ।

ਅਤ ਦਰਜੇ ਦੀ ਸਰਲਤਾ ਵੀ ਕਈ ਵਾਰੀ ਗੁਨਾਹ ਸਮਝੀ ਜਾਂਦੀ ਹੈ।

ਕੰਵਲ ਦੀ ਸਲਾਹ ਅੱਗੇ ਪੜ੍ਹਨ ਦੀ ਸੀ, ਪਰ ਪੰਡਤ ਹੋਰੀਂ ਉਸ ਨੂੰ ਹੋਰ ਪੜ੍ਹਾਨਾ ਨਹੀਂ ਸੀ ਚਾਹੁੰਦੇ। ਇਕ ਤਾਂ ਕੰਵਲ ਦੀ ਪੜ੍ਹਾਈ ਉਤੇ ਖ਼ਰਚ ਕਰਨੋਂ ਉਹ ਕੰਨੀ ਕਤਰਾਂਦੇ ਹਨ ਦੂਜਾ ਏਦੂੰ ਵੀ ਵੱਡਾ ਕਾਰਨ ਇਹ ਕਿ ਉਹ ਦਿਉਰ ਭਾਬੀ ਦੇ ਪਿਆਰ ਨੂੰ ਫੁੱਟੀ ਅੱਖ ਨਹੀਂ ਵੇਖ ਸਕਦੇ। ਜਿਹੜਾ ਆਦਮੀ ਪਿਆਰ ਨਹੀਂ ਕਰ ਸਕਦਾ, ਉਹ ਪਿਆਰ ਨੂੰ ਜ਼ਰ ਵੀ ਨਹੀਂ ਸਕਦਾ। ਪੰਡਤ ਜੀ ਦੀ ਇਹੋ ਇੱਛਾ ਸੀ ਕਿ ਛੇਤੀ ਤੋਂ ਛੇਤੀ ਕੰਵਲ ਨੂੰ ਕਿਸੇ ਦੂਸਰੇ ਸ਼ਹਿਰ ਵਿਚ ਨੌਕਰੀ ਮਿਲ ਜਾਵੇ।

ਇਸ ਤੋਂ ਛੁੱਟ ਕੰਵਲ ਪਾਸੋਂ ਪੰਡਤ ਹੋਰਾਂ ਨੂੰ ਇਕ ਹੋਰ ਵੀ ਖ਼ਤਰਾ ਹੈ ਤੇ ਉਹ ਇਹ ਕਿ ਕੰਵਲ ਦੇ ਸਿਰ ਤੇ ਅੱਜ ਕਲ੍ਹ ਦੇਸ਼-ਸੇਵਾ ਦਾ ਭੂਤ ਸਵਾਰ ਹੁੰਦਾ ਜਾਂਦਾ ਹੈ। ਪੰਡਤ ਹੋਰਾਂ ਕਈ ਵਾਰੀ ਆਪਣੀ ਅੱਖੀਂ ਵੇਖਿਆ ਹੈ ਕੰਵਲ ਨੂੰ ਕਾਂਗਰਸੀਆਂ ਨਾਲ ਫਿਰਦਿਆਂ।

... ... ... ... ...

"ਤੂੰ ਇਸ ਮੁੰਡੇ ਨੂੰ ਬਿਲਕੁਲ ਸਿਰੇ ਚੜ੍ਹਾ ਛੱਡਿਆ ਏ" ਮੇਜ਼ ਤੇ ਪਈਆਂ ਮੁਵੱਕਲਾਂ ਦੀਆਂ ਫ਼ਾਇਲਾਂ ਨੂੰ ਫੋਲਦੇ ਹੋਏ ਪੰਡਤ ਹੋਰੀਂ ਸਾਹਮਣੇ ਖੜੀ ਮਾਲਤੀ ਨੂੰ ਘੂਰਨ ਲੱਗੇ—"ਤੈਨੂੰ ਅੱਜ ਸਾਫ ਦੱਸ ਦਿਆਂ ਕਿ ਮੈਂ ਇਸ ਲੋਫਰ ਦੀ ਸ਼ਕਲ ਵੇਖਣੀ ਨਹੀਂ ਚਾਹੁੰਦਾ। ਬਹੁਤੀ ਪੰਜ ਤਿੰਨ ਕਰੇਗਾ ਤਾਂ ਕੰਨੋਂ ਫੜ ਕੇ ਬਾਹਰ ਕੱਢ ਦਿਆਂਗਾ। ਨਾ ਕੰਮ ਨਾ ਧੰਦਾ। ਸਾਨ੍ਹ ਪਲਣ ਡਿਹਾ ਹੋਇਆ ਏ।"

ਆਪਣੀ ਦੁਰਦਸ਼ਾ ਮਾਲਤੀ ਸਹਾਰ ਨਾ ਸਕਦੀ ਸੀ, ਪਰ ਆਪਣੇ ਕੰਵਲ ਲਈ ਇਹ ਵਾਕ ਉਸ ਲਈ ਤੀਰਾਂ ਦੀ ਵਾਛੜ ਸੀ। ਸੁਣ ਕੇ ਇਕ ਵਾਰੀ ਤਾਂ ਉਸ ਦਾ ਗੁਲਾਬੀ ਚਿਹਰਾ ਲਾਲੀ ਵਿਚ ਬਦਲ ਗਿਆ, ਪਰ ਸਦਾ ਦੇ ਸੁਭਾ ਅਨੁਸਾਰ ਉਸ ਨੇ ਕ੍ਰੋਧ ਦੀ ਅੱਗ ਨੂੰ ਸ਼ਾਤੀ ਦੇ ਪਾਣੀ ਨਾਲ ਠੰਢਾ ਕਰ ਲਿਆ। ਉਹ ਇਸ ਗੱਲੇ ਵੀ ਅਨਜਾਣ ਨਹੀਂ ਸੀ ਕਿ ਕੰਵਲ ਤੋਂ ਚਿੜ੍ਹਨਾ ਪਤੀ ਦੇ ਕ੍ਰੋਧ ਨੂੰ ਬੇਕਾਬੂ ਕਰਨਾ ਹੈ। ਉਹ ਆਪਣੇ ਹੋਠਾਂ ਵਿਚੋਂ ਮੁਸਕ੍ਰਾਹਟ ਦੀਆਂ ਰਿਸ਼ਮਾਂ ਛਿਟਕਾਂਦੀ ਹੋਈ ਬੋਲੀ—"ਕੀ ਕਿਹਾ ਜੇ?" ਮੈਂ ਸਿਰੇ ਚੜ੍ਹਾ ਛੱਡਿਆ ਏ ਉਹਨੂੰ?"

"ਤੇ ਹੋਰ ਕਿਸ ਨੇ?" ਹੱਥ ਵਾਲੀ ਫਾਇਲ ਨੂੰ ਮੇਜ ਦੇ ਇਕ ਨੁਕਰੇ ਪਟਕ ਕੇ ਪੰਡਤ ਹੋਰੀਂ ਹੋਰ ਤਲਖ਼ ਹੋ ਕੇ ਬੋਲੇ—"ਮੂੰਹ ਤੇ ਦਾੜ੍ਹੀ ਆਉਣ ਲੱਗੀ ਸੂ

ਤੇ ਅਜੇ ਤੀਕ ਬੇਵਕੂਫ ਨੂੰ ਇਤਨੀ ਵੀ ਸਮਝ ਨਹੀਂ ਆਈ ਕਿ ਵੱਡਾ ਭਰਾ ਏ, ਰੋਜ਼ ਮੇਰੇ ਨਾਲ ਖਪਦਾ ਏ, ਕੁਝ ਤੇ ਅਕਲ ਕਰਾਂ। ਵੇਖਣ ਸੁਣਨ ਵਾਲੇ ਵੀ ਕੀ ਕਹਿਣਗੇ ਕਿ ਇਕ ਭਰਾ ਸਰਕਾਰੀ ਵਕੀਲ ਤੇ ਦੂਜਾ ਕਾਂਗਰਸੀ ਲਫੰਗਿਆਂ ਨਾਲ ਰਲ ਕੇ ਝੰਡੇ ਫੜੀ ਫਿਰਦਾ ਏ!"

ਨੇੜੇ ਹੋ ਕੇ ਮਾਲਤੀ ਨੇ ਆਪਣਿਆਂ ਪਤਲੀਆਂ ਉਂਗਲਾਂ ਨਾਲ ਪਤੀ ਦੇ ਮੋਢੇ ਨੂੰ ਫੜਦਿਆਂ ਹੋਇਆਂ ਕਿਹਾ—"ਕਾਂਗਰਸ ਦੇ ਝੰਡੇ ਫੜੀ ਫਿਰਦਾ ਏ? ਕੰਵਲ ?"

"ਹਾਂ ਹਾਂ ਕੰਵਲ ਮਾਲਤੀ ਨੇ ਆਪਣੀਆਂ ਪਤਲੀਆਂ ਉਂਗਲਾਂ ਨਾਲ ਪਤੀ ਦੇ ਮੋਢੇ ਫੜਦਿਆਂ ਹੋਇਆ ਕਿਹਾ—"ਕਾਂਗਰਸ ਦੇ ਝੰਡੇ ਫੜੀ ਫਿਰਦਾ ਏ? ਕੰਵਲ ?"

ਮਾਲਤੀ ਦੇ ਮੱਥੇ ਤੇ ਮੁੜ੍ਹਕੇ ਦੀਆਂ ਬੂੰਦਾ ਝਲਕਣ ਲੱਗੀਆਂ, ਉਸਦੇ ਅੰਦਰ ਇਕ ਡਰਾਉਣੀ ਜਿਹੀ ਗੂੰਜ ਪੈਦਾ ਹੋਈ—ਕੀ ਕੰਵਲ ਜੇਲ ਵਿਚ ਜਾਵੇਗਾ?

ਆਪਣੀ ਗੱਲ ਨੂੰ ਮੁੜ ਸ਼ੁਰੂ ਕਰਦੇ ਹੋਏ ਪੰਡਤ ਹੋਰੀਂ ਬੋਲੇ—"ਤੈਨੂੰ ਪਤਾ ਨਹੀਂ ਅੰਗਰੇਜ਼ੀ ਹਕੂਮਤ ਨੇ ਕਾਂਗਰਸ ਨੂੰ ਖ਼ਿਲਾਫਿ-ਕਾਨੂੰਨ ਕਰਾਰ ਦੇ ਦੇਣਾ ਏ? ਥੋੜੇ ਦਿਨਾਂ ਵਿਚ ਹੀ ਸਭ ਕਾਂਗਰਸੀ ਜੇਲ੍ਹਾਂ ਵਿਚ ਭਰ ਦਿਤੇ ਜਾਣਗੇ।"

ਮਾਲਤੀ ਦੇ ਸੁਥਕ ਸਰੀਰ ਵਿਚ ਕਾਂਬਾ ਛਿੜ ਗਿਆ। ਪਤੀ ਲਈ ਉਸ ਦੇ ਦਿਲ ਵਿਚ ਸ਼ਰਧਾ ਜਿਹੀ ਪੈਦਾ ਹੋ ਆਈ ਜਿਹੜਾ ਉਸ ਦੇ ਕੰਵਲ ਨੂੰ ਕੁਰਾਹੇ ਪੈਣ ਤੋਂ ਰੋਕ ਰਿਹਾ ਸੀ।

ਉਹ ਉਂਗਲਾਂ ਮਰੋੜਦੀ ਹੋਈ ਕੰਬਦੀ ਅਵਾਜ਼ ਵਿਚ ਬੋਲੀ—"ਸੱਚ ਮੁਚ? ਤਾਂ ਤੇ ਮੈਂ ਅੱਜੋ ਈ ਉਸ ਦੀ ਖ਼ਬਰ ਲਵਾਂਗੀ। ਭਾਵੇਂ ਕੁਝ ਵੀ ਹੋਵੇ, ਮੈਂ ਉਹਨੂੰ ਜੇਲ ਵਿਚ ਕਦੇ ਨਹੀਂ ਜਾਣ ਦਿਆਂਗੀ।"

ਹਥਿਆਰ ਨੇ ਉਲਟੀ ਹੀ ਮਾਰ ਕੀਤੀ। ਪੰਡਤ ਹੋਰੀਂ ਦਿਨੇ ਰਾਤ ਇਸੇ ਫ਼ਿਕਰ ਵਿਚ ਲੱਗੇ ਰਹਿੰਦੇ ਸਨ ਕਿ ਕਿਸੇ ਤਰ੍ਹਾਂ ਕੰਵਲ ਵਲੋਂ ਮਾਲਤੀ ਦਾ ਦਿਲ ਫੇਰਿਆ ਜਾਵੇ, ਪਰ ਇਸੇ ਵੇਲੇ ਕੰਵਲ ਦੇ ਗ੍ਰਿਫਤਾਰ ਹੋਣ ਦੀ ਸੰਭਾਵਨਾ ਤੋਂ ਜਿਸ ਤਰ੍ਹਾਂ ਮਾਲਤੀ ਕੰਬ ਉਠੀ ਇਸ ਨੂੰ ਵੇਖ ਕੇ ਪੰਡਤ ਹੋਰਾਂ ਦਾ ਦਿਲ ਕਬਾਬ ਹੋ ਗਿਆ।

ਕਲਾਕ ਨੇ ੧੦ ਵਜਾਏ। ਪੰਡਤ ਹੋਰੀਂ ਛੇਤੀ ਛੇਤੀ ਕਾਗਜ਼ ਪੱਤਰ ਸਮੇਟ ਕੇ, ਇਹ ਕਹਿੰਦੇ ਹੋਏ ਕਮਰਿਓਂ ਬਾਹਰ ਨਿਕਲ ਗਏ—"ਜੇਲ ਜਾਏ ਭਾਵੇਂ ਜਹੰਨਮ ਵਿਚ ਜਾਏ, ਮੈਨੂੰ ਇਸ ਨਾਲ ਕੀ। ਮੈਨੂੰ ਫ਼ਿਕਰ ਤੇ ਇਸ ਗੱਲ ਦਾ ਏ ਕਿ ਉਸ ਦੀਆਂ ਬੇਹੂਦਗੀਆਂ ਦਾ ਮੇਰੇ ਬਿਜਨੈਸ ਉਤੇ ਕੀ ਅਸਰ ਪਵੇਗਾ?"

... ... ... ...

ਪੰਡਤ ਹੋਰੀਂ ਕਚਿਹਰੀ ਚਲੇ ਗਏ, ਤੇ ਮਾਲਤੀ ਸਾਰਾ ਦਿਨ ਬਿਨਾਂ ਖਾਧਿਆਂ ਪੀਤਿਆਂ ਬੈਠੀ ਕੰਵਲ ਨੂੰ ਉਡੀਕਦੀ ਰਹੀ। ਉਹ ਸੋਚਦੀ ਰਹੀ—"ਬੇ ਸਮਝ ਮੁੰਡਾ! ਕਿੰਨਾ ਆਪ-ਹੁਦਰਾ ਹੋ ਗਿਆ ਹੈ! ਭਲਾ ਉਸ ਨੂੰ ਇਹ ਕੀ ਸੁੱਝੀ?...ਕੀ ਕੰਵਲ ਨੂੰ ਸਿਪਾਹੀ ਫੜ ਲੈ ਜਾਣਗੇ? ਉਸ ਦੇ ਹੱਥਾਂ ਵਿਚ ਹਥਕੜੀਆਂ.....!" ਸੋਚਦੀ ਸੋਚਦੀ ਉਹ ਬੁਸਕਣ ਲਗ ਪੈਂਦੀ ਤੇ ਅੱਖਾਂ ਪੂੰਝਦੀ ਹੋਈ ਘੜੀ ਮੁੜੀ ਬਾਰੀ ਵਿਚ ਖਲੋਕੇ ਸੜਕ ਵੱਲ ਝਾਤੀਆਂ ਪਾਂਦੀ।

ਅਚਾਨਕ ਹੀ ਕਿਸੇ ਦੇ ਪੌੜੀਆਂ ਚੜ੍ਹਨ ਦੀ ਅਵਾਜ਼ ਆਈ। ਓਸੇ ਮਛੰਦਰ ਦੇ ਪੈਰਾਂ ਦੀ ਅਵਾਜ਼। ਉਹ ਉਠ ਕੇ ਖਲੋ ਗਈ। ਉਸਦਾ ਦਿਲ ਧੜਕਣ ਲੱਗਾ—ਕੰਵਲ, ਵਿਚਾਰਾ ਮਾਂ ਮਹਿੰਟਰ, ਇਹ ਜੇਲ੍ਹਾਂ ਵਿਚ ਰੁਲਣ ਜੋਗ ਏ?" ਨਹੀਂ ਨਹੀਂ, ਨਹੀਂ! ਮੈਂ ਉਸ ਨੂੰ ਨਹੀਂ ਜਾਣ ਦਿਆਂਗੀ।"

ਕੰਵਲ ਅੰਦਰ ਵੜਨ ਤੋਂ ਪਹਿਲਾ ਹੀ ਮਾਲਤੀ ਨੇ ਇਕ ਪਿਆਰ ਡੁੱਬੀ ਪਰ ਕਾਹਲੀ ਅਵਾਜ਼ ਸੁਣੀ "ਭਾਬੀ! ਭਾਬੀ ਕਿਥੇ ਐ?" ਤੇ ਦੂਜੇ ਪਲ ਕੰਵਲ ਭਾਬੀ ਦੇ ਸਾਮਣੇ ਸੀ।

"ਹੈਂ! ਭਾਬੀ" ਕੰਵਲ ਬੇਤਾਬੀ ਨਾਲ ਪੁਛਣ ਲੱਗਾ—"ਭਾਬੀ! ਤੂੰ ਰੋਂਦੀ ਕਿਉਂ ਏ?" ਭਾਪਾ ਜੀ ਨੇ ਕੁਝ ਕਿਹਾ ਸੀ? ਦਸ ਭਾਬੀ! ਬੀਬੀ ਭਾਬੀ!"

ਉਮਡੇ ਹੋਏ ਦਿਲ ਲਈ ਢਾਰਸ, ਬੰਨ੍ਹ ਦਾ ਨਹੀਂ ਤੂਫਾਨ ਦਾ ਕੰਮ ਦੇਂਦੀ ਏ। ਮਾਲਤੀ ਨੇ ਉਸ ਦੇ ਸਿਰ ਨੂੰ ਬਾਹਾਂ ਵਿਚ ਲੈ ਲਿਆ ਪਰ ਬੋਲ ਨਾ ਸਕੀ।

ਕੰਵਲ ਦਾ ਦਿਲ ਘਾਊਂ ਮਾਊਂ ਹੋਣ ਲੱਗਾ। ਮਾਲਤੀ ਸ਼ੈਦ ਡੋਲੀ ਚੜ੍ਹਨ ਤੋਂ ਬਾਦ ਅਜ ਪਹਿਲੀ ਵੇਰਾਂ ਏਨਾ ਰੋਈ। ਮਾਨੋਂ ਜਿਸ ਤਰ੍ਹਾਂ ਉਦੋਂ ਉਹ ਮਾਪਿਆਂ ਤੋਂ ਵਿਛੜੀ ਸੀ, ਓਦਾਂ ਹੀ ਅੱਜ ਕੰਵਲ ਤੋਂ ਵਿਛੜ ਰਹੀ ਹੈ।

ਕੰਵਲ ਦੀਆਂ ਅੱਖਾਂ ਵੀ ਕਿਵੇਂ ਸੁੱਕੀਆਂ ਰਹਿ ਸਕਦੀਆਂ ਸਨ।

ਪਿਆਰ ਤੋਂ ਬਾਦ ਹੁਣ ਮਾਣ ਦੀ ਵਾਰੀ ਆਈ।

ਕੰਵਲ ਪੁੱਛ ਰਿਹਾ ਸੀ—"ਬੀਬੀ ਭਾਬੀ! ਚੰਗੀ ਭਾਬੀ! ਦਸ ਨਾ, ਕੀ ਗੱਲ ਏ?" ਪਰ ਮਾਲਤੀ ਚੁੱਪ ਸੀ, ਤੇ ਇਹ ਚੁਪ ਕੰਵਲ ਲਈ ਅਸਹਿ ਹੁੰਦੀ ਜਾਂਦੀ ਸੀ।

ਅੰਤ ਪਿਆਰ ਪਾਸੋਂ ਮਾਣ ਨੂੰ ਹਾਰ ਖਾਣੀ ਪਈ। ਮਾਲਤੀ ਦੇ ਬੁਲ੍ਹਾਂ ਤੋਂ ਚੁੱਪ ਦਾ ਜੰਦਰਾ ਖੁੱਲਿਆ—"ਪਹਿਲਾ ਦਸ, ਤੂੰ ਰਿਹਾ ਕਿਥੇ ਵੇਂ ਸਾਰੀ ਦਿਹਾੜੀ?"

"ਇਕ ਜ਼ਰੂਰੀ ਕੰਮ ਸੀ ਭਾਬੀ!"

"ਕੀ ਕੰਮ ਸੀ ਇਹੋ ਜਿਹਾ?"

"ਕੰਮ?"...ਕੰਮ ਸੀ...ਬੋਲਦਾ ਬੋਲਦਾ ਕੰਵਲ ਫੇਰ ਰੁਕ ਗਿਆ।

ਮਾਲਤੀ ਘਬਰਾ ਕੇ ਬੋਲੀ—"ਦਸ, ਦਸ ਛੇਤੀ।"

"ਭਾਬੀ! ਮੈਂ ਵਾਲੰਟੀਅਰਾਂ ਵਿਚ ਨਾਂ ਲਿਖਾਇਆ ਹੋਇਆ ਸੀ। ਡਰਦੇ ਮਾਰਿਆ ਤੈਨੂੰ ਨਹੀਂ ਸੀ ਦੱਸਿਆ। ਅੱਜ ਉਹਨਾਂ ਦੀ ਮੀਟਿੰਗ ਸੀ। ਕਲ ਇਕ ਬੜਾ ਭਾਰੀ ਜਲਸਾ ਹੋਣਾ ਏਂ।"

ਮਾਲਤੀ ਦੇ ਸਾਹਮਣੇ ਫੇਰ ਓਹੀ ਪਤੀ ਦੇ ਕਹੇ ਹੋਏ ਵਾਕ ਭਿਆਨਕ ਨਾਚ ਨੱਚਣ ਲੱਗੇ।

ਕੰਵਲ ਨੇ ਫੇਰ ਪੁੱਛਿਆ—"ਪਰ ਭਾਬੀ! ਤੂੰ ਅੱਜ ਇਤਨਾ ਰੋਈ ਕਿਉਂ?"

ਅੱਖਾਂ ਡੁਬਡਬਾਂਦੀ ਹੋਈ ਮਾਲਤੀ ਬੋਲੀ—"ਤੂੰ ਮੈਥੋਂ ਪੁਛੇ ਬਿਨਾਂ ਕਿਉਂ ਨਾ ਲਿਖਾਇਆ?"

"ਭਾਬੀ! ਇਹ ਮੈਂ ਕੋਈ ਮਾੜਾ ਕੰਮ ਤੇ ਨਹੀਂ ਸੀ ਕੀਤਾ। ਦੇਸ਼ ਦੀ ਸੇਵਾ ਕਰਨੀ ਹਰ ਇਕ ਭਾਰਤੀ ਦਾ ਫਰਜ਼ ਏ।"

ਮਾਣ ਤੇ ਪਿਆਰ ਭਰੇ ਕ੍ਰੋਧ ਵਿਚ ਮਾਲਤੀ ਬੋਲੀ—"ਮੈਂ ਨਹੀਂ ਜਾਣਦੀ ਸੇਵਾ ਸਾਵਾ ਨੂੰ। ਪਹਿਲਾ ਜਾ ਕੇ ਆਪਣਾ ਨਾਂ ਕਟਾਂ ਆ, ਫੇਰ ਘਰ ਵਿਚ ਕਦਮ ਰੱਖੀਂ।"

"ਪਰ ਭਾਬੀ!" ਕਰੁਣਾ-ਭਾਵ ਨਾਲ ਉਸ ਦੀਆਂ ਅੱਖਾਂ ਵਿਚ ਤੱਕ ਕੇ ਕੰਵਲ

ਕਹਿਣ ਲੱਗਾ—"ਤੂੰ ਤਾਂ ਮੇਰੇ ਨਾਲ ਕਦੇ ਗੁੱਸੇ ਨਹੀਂ ਸੈਂ ਹੋਈ" ਕਹਿੰਦਿਆਂ ਕਹਿੰਦਿਆਂ ਕੰਵਲ ਦੇ ਅੱਥਰੂ ਫੁੱਟ ਨਿਕਲੇ।

ਆਪਣੀ ਸਖ਼ਤੀ ਉਤੇ ਪਛਤਾਂਦਿਆਂ ਮਾਲਤੀ ਉਸ ਦੇ ਮੱਥੇ ਤੇ ਹੱਥ ਫੇਰਦੀ ਹੋਈ ਸਿਸਕੀਆਂ ਲੈਣ ਲੱਗੀ—"ਤੂੰ ਫੜਿਆ ਜਾਵੇਂਗਾ, ਤਾਂ ਮੈਂ ਕੀ ਕਰਾਂਗੀ ਕੰਵਲ ?"

ਮਾਤਰੀ ਸੁਖ ਵਿਚ ਬਿਹਬਲ ਕੰਵਲ ਨੇ ਕਿਹਾ—"ਫੜਿਆ ਕਿਉਂ ਜਾਵਾਂਗਾ ਭਾਬੀ ?"

"ਤੇਰੇ ਭਾਪਾ ਜੀ ਕਹਿੰਦੇ ਸਨ।"

"ਕੀ ਕਹਿੰਦੇ ਸਨ ?"

"ਅਖੇ ਅੰਗਰੇਜ਼ ਕਾਂਗਰਸੀਆਂ ਨੂੰ ਫੜ ਕੇ ਕੈਦ ਕਰ ਦੇਣਗੇ।"

"ਓ ਭਾਬੀ।" ਪਿਆਰ ਭਰੇ ਵਿਅੰਗ ਵਿਚ ਉਹ ਬੋਲਿਆ—"ਤੂੰ ਬੜੀ ਭੋਲੀ ਏਂ। ਸਾਰੇ ਕਾਂਗਰਸੀਆਂ ਨੇ ਥੋੜ੍ਹੇ ਈ ਫੜਿਆ ਜਾਣਾ ਏਂ। ਸਿਰਫ ਜਿਹੜਾ ਕੋਈ ਡਿਕਟੇਟਰ ਜਾਂ ਕਿਸੇ ਜਲਸੇ ਦਾ ਸਟੇਜ-ਸੈਕ੍ਰੇਟ੍ਰੀ ਬਣੇਗਾ, ਉਹਨੂੰ ਈ...।"

"ਬਸ ਬਸ" ਬੇਚੈਨੀ ਨਾਲ ਉਸ ਦੇ ਸਾਹਮਣੇ ਖੜੀ ਹੋ ਕੇ ਮਾਲਤੀ ਬੋਲੀ—"ਮੈਂ ਨਹੀਂ ਜਾਣਦੀ ਬਹੁਤੀਆਂ ਗੱਲਾਂ। ਜੇ ਤੇਰਾ ਆਪਣੀ ਭਾਬੀ ਨਾਲ ਕੁਝ ਵੀ ਪਿਆਰ ਏ ਤਾਂ ਹੁਣੇ ਜਾ ਕੇ ਅਸਤੀਫਾ ਦੇ ਆ, ਨਹੀਂ ਤੇ ਮੈਂ ਜਾਨ ਦੇ ਦਿਆਂਗੀ।" ਤੇ ਉਹ ਸਾੜ੍ਹੀ ਦੇ ਪੱਲੇ ਨਾਲ ਅੱਖਾਂ ਪੂੰਝਦੀ ਕਮਰੇ ਤੋਂ ਬਾਹਰ ਨਿਕਲ ਤੁਰੀ।

ਕੰਵਲ ਨੇ ਝੱਟ ਪਟ ਉੱਠ ਕੇ ਉਹਨੂੰ ਜਾ ਫੜਿਆ। ਉਹ ਮੁੜ ਉਥੇ ਹੀ ਆ ਬੈਠੀ। ਕੰਵਲ ਉਸ ਦੀ ਗੋਦ ਵਿਚ ਸਿਰ ਰੱਖ ਕੇ ਬੋਲਿਆ—"ਚੰਗਾ ਭਾਬੀ! ਤੂੰ ਗੁੱਸੇ ਨਾ ਹੋ। ਮੈਂ ਹੁਣੇ ਜਾ ਕੇ ਅਸਤੀਫਾ ਦੇ ਆਉਣਾ ਵਾਂ, ਪਰ ਪਹਿਲਾਂ ਰੋਟੀ ਤੇ ਖੁਆ।"

ਮਾਲਤੀ ਦਾ ਮੁਰਝਾਇਆ ਹੋਇਆ ਦਿਲ ਖਿੜ ਗਿਆ। ਉਸ ਦਾ ਸਹਿਮ ਦੂਰ ਹੋ ਗਿਆ। ਕੰਵਲ ਨੂੰ ਇਕ ਵਾਰੀ ਆਪਣੇ ਬਾਂਹ-ਬੰਧਨ ਵਿਚ ਬੰਨ੍ਹ ਕੇ ਉਹ ਉਸ ਦੇ ਪਿਆਰ ਵਿਚ ਗੁੰਮ ਹੋ ਗਿਆ।

ਭਾਬੀ ਦੀ ਇਸ ਪਿਆਰ-ਗੋਦੀ ਨੇ ਕੰਵਲ ਦੇ ਦੇਸ਼-ਪ੍ਰੇਮ ਸੇ ਖ਼ਿਆਲ ਨੂੰ ਉਲਟ-ਪੁਲਟ ਕਰ ਦਿੱਤਾ। ਉਸ ਨੇ ਦਿਲ ਨਾਲ ਪੱਕਾ ਫੈਸਲਾ ਕਰ ਲਿਆ

ਕਿ ਹੁਣੇ ਜਾ ਕੇ ਵਾਲੰਟੀਅਰ-ਸ਼ਿਪ ਤੋਂ ਅਸਤੀਫ਼ਾ ਦੇ ਆਵਾਂਗਾ। ਮੇਰਾ ਸੁਰਗ, ਮੇਰੀ ਦੇਸ਼-ਸੇਵਾ ਸਭ-ਕੁਝ ਮੇਰੀ ਭਾਬੀ ਹੈ।

ਪਰ ਪਿਆਰ-ਮਸਤੀ ਦੀ ਟਹਿਣੀ ਉਤੇ ਝੂਮਦੇ ਇਨ੍ਹਾਂ ਦੋਹਾਂ ਸੁਰਗੀ ਪੰਛੀਆਂ ਨੂੰ ਪਤਾ ਨੈਹੀਂ ਸੀ ਕਿ ਕਿਸ ਵੇਲੇ ਤੋਂ ਕੋਈ ਸ਼ਿਕਾਰੀ ਉਨ੍ਹਾਂ ਉਤੇ ਆਪਣੇ ਤੀਰ ਦਾ ਨਿਸ਼ਾਨਾ ਸੇਧੀ ਲੁਕਿਆ ਖੜਾ ਸੀ।

ਨਫ਼ਰਤ ਭਰੇ ਹਾਸੇ ਦੀ ਡਰਾਉਣੀ ਆਵਾਜ਼ ਕਮਰੇ ਵਿਚ ਗੂੰਜ ਉੱਠੀ "ਵਾਹ ਖੂਬ ਪ੍ਰੇਮ ਦਾ ਨਾਟਕ ਹੋ ਰਿਹਾ ਏ!"

ਬੂਹੇ ਵਿਚ ਪੰਡਤ ਬਾਲ ਮੁਕੰਦ ਖੜਾ ਅੱਗ ਉਗਲ ਰਿਹਾ ਸੀ। ਉਸ ਦੀਆਂ ਅੱਖਾਂ ਖੂਨੀ ਅੱਗ ਵਾਂਗ ਲਾਲ ਸਨ।

ਪਵਿੱਤਰ ਹਿਰਦਿਆਂ ਉਤੇ ਅਪਵਿਤ੍ਰ ਦੂਸ਼ਨਾਂ ਦੀ ਬੁਛਾੜ ਪੈਣ ਤੇ ਇਕ ਵਾਰੀ ਸਾਰੇ ਕੋਮਲ ਭਾਵ ਦੱਬੇ ਜਾਂਦੇ ਹਨ, ਪਰ ਦੂਜੇ ਪਲ ਓਹੀ ਬਿਜਲੀ ਵਾਂਗ ਚਮਕ ਉਠਦੇ ਹਨ।

ਇਨ੍ਹਾਂ ਕੁਰੱਖਤ ਤੇ ਅਪਮਾਨ ਭਰੇ ਸ਼ਬਦਾਂ ਨੂੰ ਸੁਣ ਕੇ ਇਕ ਵਾਰੀ ਦੋਵੇਂ ਸੁੰਨ ਹੋ ਗਏ—ਨਿਰਜੀਵ ਤੇ ਬੇ-ਹਰਕਤ।

ਇਸ ਚੁਪ ਤੇ ਸਹਿਮ ਨੇ ਪੰਡਤ ਬਾਲ ਮੁਕੰਦ ਦੇ ਖ਼ਿਆਲਾਂ ਨੂੰ ਫੈਲਰਨ ਦਾ ਮੌਕਾ ਦੇ ਦਿੱਤਾ। ਉਹ ਫਿਰ ਭੱਖਦਾ ਹੋਇਆ ਬੋਲਿਆ—"ਐਵੇਂ ਤੇ ਨਹੀਂ ਹਰ ਵੇਲੇ ਕੰਵਲ ਦੇ ਨਾਂ ਦੀ ਮਾਲਾ ਫੇਰਦੀ ਰਹਿੰਦੀ। ਜਦੋਂ ਸੁਣੋ "ਮੇਰਾ ਕੰਵਲ, ਮੇਰਾ ਕੰਵਲ!" ਮੈਂ ਤੇ ਕਈਆਂ ਚਿਰਾਂ ਤੋਂ ਇਸ ਬਦਕਾਰ ਰੰਨ ਦੇ ਚਾਲੇ ਵੇਖ ਰਿਹਾ ਸਾਂ, ਪਰ ਸੋਚਦਾ ਸਾਂ, ਮਾਂ ਡੈਣ ਹੋ ਜਾਵੇਗੀ ਤਾਂ ਪੁੱਤਰਾਂ ਨੂੰ ਥੋੜ੍ਹਾ ਈ ਖਾਣ ਲੱਗ ਪਏਗੀ।"

"ਬਸ ਬਸ ਭਾਪਾ ਜੀ!" ਕੰਵਲ ਨੇ ਜ਼ਖ਼ਮੀ ਸ਼ੇਰ ਵਾਂਗ ਉਛਲ ਕੇ ਕਿਹਾ—"ਪਤਾ ਜੇ ਤੁਸੀਂ ਕੀ ਕਹਿ ਰਹੇ ਓ? ਮੇਰੀ ਭਾਬੀ ਵਰਗੀ ਦੇਵੀ ਉਤੇ...।"

ਗੱਲ ਅਜੇ ਉਸ ਦੇ ਮੂੰਹ ਵਿਚ ਹੀ ਸੀ ਕਿ ਬਾਲ ਮੁਕੰਦ ਦੀ ਪੁੱਠੀ ਚਪੇੜ ਖਾ ਕੇ ਉਹ ਭੁੰਜੇ ਡਿੱਗ ਪਿਆ ਤੇ ਉਸ ਨੇ ਸੁਣਿਆ—"ਦੇਵੀ! ਹਾਂ ਸੱਚੀ ਦੇਵੀ! ਪਰ ਇਹੋ ਜਹੀਆਂ ਦੇਵੀਆਂ ਤੇ ਤੇਰੇ ਵਰਗੇ ਦੇਵਤਿਆਂ ਲਈ ਇਸ ਘਰ ਵਿਚ ਹੁਣ ਕੋਈ ਥਾਂ ਨਹੀਂ। ਜਾਓ ਤੇ ਜਾ ਕੇ ਕਿਸੇ ਬਜ਼ਾਰ ਦੇ ਚੁਬਾਰੇ ਨੂੰ ਭਾਗ ਲਾਓ।"

ਚਪੇੜ ਕੰਵਲ ਦੀ ਗੱਲ੍ਹ ਤੇ ਨਹੀਂ, ਮਾਲਤੀ ਦੇ ਕਲੇਜੇ ਵਿਚ ਵੱਜੀ ਤੇ ਚਪੇੜ ਨਹੀਂ—ਬਰਛੀ ਬਣ ਕੇ।

ਬਾਲ ਮੁਕੰਦ ਦੀਆਂ ਮਾਲਤੀ ਨੂੰ ਕਹੀਆਂ ਹੋਈਆਂ ਇਹਨਾਂ ਗੱਲਾਂ ਨੇ ਕੰਵਲ ਦਾ ਸਾਰਾ ਲਹੂ ਇਕੋ ਵਾਰੀ ਉਬਾਲ ਦਿੱਤਾ।

ਅੱਖ ਦੇ ਫੋਰ ਵਿਚ ਮਾਲਤੀ ਡਿੱਗੇ ਹੋਏ ਕੰਵਲ ਉਤੇ ਜਾ ਕੇ ਵਿਛ ਗਈ ਤੇ ਸਿਸਕਦੀ ਹੋਈ ਬੋਲੀ—"ਹਾਏ ਮੇਰੇ ਕੰਵਲ ਦੀ ਗੱਲ੍ਹ ਲਾਲ ਕਰ ਦਿੱਤੀ ਜੇ! ਇਸ ਦੇ ਬਦਲੇ ਮੈਨੂੰ ਕੋਹ ਸੁੱਟਦੇ, ਵਿਚਾਰੇ ਯਤੀਮ ਨੂੰ ਕਿਉਂ ਮਾਰਿਆ ਜੇ!"

ਬਾਲ ਮੁਕੰਦ ਦੇ ਬਲ ਰਹੇ ਦਿਲ ਉਤੇ ਤੇਲ ਦਾ ਕਨਸਤਰ ਉਲੱਦਿਆ ਗਿਆ।

ਤੇ ਉਸ ਨੇ ਫਲਾਦ ਵਰਗੀ ਸਖ਼ਤੀ ਨਾਲ ਮਾਲਤੀ ਦੀ ਬਾਂਹ ਫੜੀ ਜ਼ੋਰ ਦੇ ਝਟਕੇ ਨਾਲ ਉਹਨੂੰ ਕੰਵਲ ਦੇ ਸਰੀਰ ਉਤੋਂ ਧੂਹ ਕੇ ਦੂਰ ਪਟਕਾ ਦਿੱਤਾ।

ਦਿਲ ਅਤੇ ਸਰੀਰ ਦੀ ਦੂਹਰੀ ਸੱਟ ਨੂੰ ਮਾਲਤੀ ਨਾ ਸਹਿ ਸਕੀ—ਉਹ ਡਿੱਗਦੀ ਹੀ ਬੇਹੋਸ਼ ਹੋ ਗਈ।

ਕੰਵਲ ਉਠਿਆ। ਭਾਬੀ ਦੇ ਅਪਮਾਨ ਨਾਲ ਉਸ ਦਾ ਦਿਲ ਭੜਥਾ ਹੋ ਰਿਹਾ ਸੀ। ਉਸ ਦੇ ਅੰਗ-ਅੰਗ ਵਿਚੋਂ ਸ਼ਰਾਰੇ ਨਿਕਲ ਰਹੇ ਸਨ, ਪਰ ਮੁਸ਼ਕਲ ਇਹੋ ਕਿ ਸਾਹਮਣੇ ਵੱਡਾ ਭਰਾ ਸੀ। ਭਰਾ ਤੋਂ ਵਧ ਕੇ ਉਹਦੀ ਸਨੇਹ-ਮੂਰਤ ਭਾਬੀ ਦਾ ਪਤੀ।

ਉਹ ਭਰਾ ਦੇ ਪੈਰ ਫੜ ਕੇ ਘਿਗਿਆਉਂਦੇ ਗਲੇ ਤੇ ਕੰਬਦੇ ਬੁਲ੍ਹਾਂ ਵਿਚੋਂ ਕਹਿਣ ਲੱਗਾ—"ਭਾਪਾ ਜੀ...।"

ਇਕ ਹੋਰ ਚਪੇੜ ਤੇ ਬੂਟ ਦੇ ਠੁੱਡੇ ਸਣੇ ਬਾਲ ਮੁਕੰਦ ਨੇ ਉੱਤਰ ਦਿੱਤਾ—"ਤੇਰੇ ਦੁਸ਼ਟ-ਪੁਣੇ ਦਾ ਫਲ ਹੈ ਇਹ ਸਾਰਾ।"

"ਮੇਰੇ ਦੁਸ਼ਟ-ਪੁਣੇ ਦਾ?" ਕੰਵਲ ਨੇ ਸਿੱਧਾ ਤਣ ਕੇ ਕਿਹਾ—"ਜੇ ਮੈਨੂੰ ਤੁਸੀਂ ਇਤਨਾ ਨੀਚ ਸਮਝਦੇ ਓ ਮੈਂ ਹੁਣੇ ਇਸ ਘਰ ਵਿਚੋਂ ਨਿਕਲ ਜਾਨਾ ਵਾਂ—ਮੁੜ ਕੇ ਕਦੀ ਮੂੰਹ ਨਹੀਂ ਦਿਖਾਵਾਂਗਾ ਪਰ ਇਤਨੀ ਗੱਲ ਯਾਦ ਰੱਖਣੀ ਕਿ ਇਸ ਦੇਵੀ ਉਤੇ ਕੀਤੇ ਅਤਿਆਚਾਰ ਦਾ ਫਲ ਤੁਹਾਨੂੰ...।"

"ਬਸ' ਉਸ ਨੂੰ ਗਿੱਚੀ ਤੋਂ ਫੜ ਕੇ ਬੂਹੇ ਵਲ ਧੱਕਦਾ ਹੋਇਆ ਬਾਲ ਮੁਕੰਦ ਬੋਲਿਆ—"ਗਿਆਨ ਨਾ ਸਾੜ ਬਹੁਤੇ। ਚਲਾ ਜਾ, ਮੇਰੀਆਂ ਅੱਖਾਂ ਅੱਗੋਂ

ਦੂਰ ਹੋ ਜਾ। ਤੈਨੂੰ ਬਹੁਤਾ ਦਰਦ ਏ ਤਾਂ ਲੈ ਜਾ ਨਾਲ ਇਸ ਨੂੰ ਵੀ।"

ਬੂਹਿਓਂ ਬਾਹਰ ਹੋ ਕੇ ਕੰਵਲ ਇਕ ਵਾਰੀ ਫੇਰ ਅੰਦਰ ਤੱਕਿਆ ਤੇ ਕੁਝ ਬੋਲਣਾ ਵੀ ਚਾਹਿਆ, ਪਰ ਉਸ ਦੇ ਬੋਲਣ ਤੋਂ ਪਹਿਲਾਂ ਹੀ ਬੂਹੇ ਦੇ ਦੋਵੇਂ ਤਾਕ ਆਪੇ ਵਿਚ ਜ਼ੋਰ ਦੀ ਭਿੜ ਕੇ ਬੰਦ ਹੋ ਗਏ।

ਵੱਜਦੇ ਬੂਹੇ ਵਿਚੋਂ ਉਹ ਚੰਗੀ ਤਰ੍ਹਾਂ ਨਜ਼ਰ ਭਰ ਕੇ ਆਪਣੀ ਬੇਹੋਸ਼ ਭਾਬੀ ਨੂੰ ਵੀ ਤੱਕ ਸਕਿਆ। ਨਿਕਲਦੇ ਹਟਕੋਰੇ ਨੂੰ ਸੀਨੇ ਵਿਚ ਹੀ ਜਜ਼ਬ ਕਰਕੇ ਉਹ ਘਰੋਂ ਨਿਕਲ ਗਿਆ।

ਮਾਲਤੀ ਨੂੰ ਜਦ ਹੋਸ਼ ਆਈ ਤਾਂ ਰਾਤ ਹੋ ਚੁੱਕੀ ਸੀ। ਸਭ ਤੋਂ ਪਹਿਲਾਂ ਉਸ ਨੂੰ ਕੰਵਲ ਦਾ ਖ਼ਿਆਲ ਆਇਆ ਤੇ ਨਾਲ ਹੀ ਉਸ ਦੀ ਬੇ-ਇਜ਼ਤੀ ਦਾ ਵੀ। ਉਸ ਨੂੰ ਧੁੰਧਲੀ ਜਿਹੀ ਅਵਾਜ਼ ਵੀ ਯਾਦ ਆਈ—"ਮੂੰਹ ਨਹੀਂ ਵਿਖਾਵਾਂਗਾ।"

"ਕੀ ਉਹ ਗਿਆ? ਸਦਾ ਲਈ? ਸੋਚਦੀ ਹੋਈ ਉਹ ਕੰਵਲ ਦੇ ਕਮਰੇ ਵਿਚ ਗਈ, ਪਰ ਉਹ ਖਾਲੀ ਸੀ।

ਉਹ ਮੁੜ ਆਈ ਤੇ ਸੁੱਤੇ ਹੋਏ ਪਤੀ ਦੀ ਸਰਾਂਦੀ ਆ ਕੇ ਖਲੋ ਗਈ ਉਹ ਪਤੀ ਨੂੰ ਜਗਾ ਕੇ ਕੁਝ ਕਹਿਣਾ ਚਾਹੁੰਦੀ ਸੀ, ਪਰ ਇਹ ਉਸ ਪਾਸੋਂ ਨਾ ਹੋ ਸਕਿਆ।

ਉਹ ਆਪਣੇ ਮੰਜੇ ਤੇ ਜਾ ਕੇ ਲੰਮੀ ਪੈ ਗਈ, ਪਰ ਇਹ ਉਸ ਲਈ ਤਪਦੇ ਕੜਾਹੇ ਵਿਚ ਲੰਮੇ ਪੈਣ ਦੇ ਤੁੱਲ ਸੀ। ਉਹ ਉਠ ਬੈਠੀ ਤੇ ਸੋਚਣ ਲੱਗੀ— ਅੱਗੇ ਵੀ ਕਈ ਵਾਰੀ ਭਰਾ ਦੀ ਮਾਰ ਖਾ ਕੇ ਚਲਾ ਜਾਂਦਾ ਸੀ, ਪਰ ਰਾਤੀਂ ਜ਼ਰੂਰ ਮੁੜ ਆਉਂਦਾ ਸੀ। ਭਾਬੀ ਦੀ ਖਿੱਚ ਉਸ ਨੂੰ ਹਮੇਸ਼ਾਂ ਖਿੱਚ ਲਿਆਉਂਦੀ ਸੀ। ਕੀ ਪਤਾ ਅੱਜ ਵੀ ਆ ਜਾਵੇ। ਪਰ ਅੱਜ ਦਾ ਅਪਮਾਨ! ਓਹ! ਕੰਵਲ ਹੁਣ ਨਹੀਂ ਆਵੇਗਾ! ਨਹੀਂ ਆਵੇਗਾ!!

ਫਿਰ ਵੀ ਨਿਰਾਸਤਾ ਦੀ ਕਾਲੀ ਰਾਤ ਵਿਚ ਕਿਸੇ-ਕਿਸੇ ਵੇਲੇ ਉਸ ਦੀ ਆਸ-ਕਿਰਨ ਚਮਕ ਪੈਂਦੀ ਤੇ ਬਦੋ-ਬਦੀ ਉਸ ਦੇ ਕੰਨ ਬਿੜਕਾਂ ਲੈਣ ਲੱਗ ਪੈਂਦੇ।

ਉਸ ਦੀ ਸਾਰੀ ਰਾਤ ਇਸੇ ਤਰ੍ਹਾਂ ਬੀਤੀ।

ਕੰਵਲ ਨਾ ਆਇਆ।

ਦਿਨ ਚੜ੍ਹ ਗਿਆ।

... ... ... ...

ਅੱਜ ਵੀ ਮਾਰਤੀ ਜਾਗੀ ਤੇ ਜਾਗ ਕੇ ਕੰਮ ਧੰਦੇ ਲੱਗ ਗਈ, ਪਰ ਅੱਜ ਮਾਲਤੀ ਕਾਠ ਦੀ ਪੁਤਲੀ ਤੋਂ ਵਧ ਕੁਝ ਨਹੀਂ ਸੀ। ਉਸ ਦੀਆਂ ਅੱਖਾਂ ਅੱਗੇ ਹਨੇਰਾ, ਦਿਲ ਵਿਚ ਪਰੇਸ਼ਾਨੀ ਤੇ ਅੰਦਰ ਬਾਹਰ ਵੈਰਨੀ ਸੀ।

ਬਿਨਾਂ ਕੋਈ ਗੱਲ ਕਥ ਕੀਤਿਆਂ ਤੇ ਬਿਨਾਂ ਖਾਣ-ਪੀਣ ਤੋਂ ਪੰਡਤ ਬਾਲ ਮੁਕੰਦ ਓਸੇ ਤਰ੍ਹਾਂ ਭਰਿਆ ਪੀਤਾ ਕਚਹਿਰੀ ਚਲਾ ਗਿਆ। ਮਾਲਤੀ ਨੇ ਨੌਕਰ ਰਾਹੀਂ ਰੋਟੀ ਲਈ ਪੁੱਛ ਭੇਜਿਆ, ਪਰ ਉੱਤਰ ਮਿਲਿਆ—"ਭੁੱਖ ਨਹੀਂ"।

ਮਾਲਤੀ ਨਾ ਪਤੀ ਦੇ ਸਾਹਮਣੇ ਆਈ ਤੇ ਨਾ ਹੀ ਕੁਝ ਬੋਲੀ। ਉਹ ਕਲ੍ਹ ਸਵੇਰ ਤੋਂ ਭੁੱਖੀ ਸੀ।

"ਰਾਤੀ ਵਿਚਾਰਾ ਕਿੱਥੇ ਸੁੱਤਾ ਹੋਵੇਗਾ ਇਸ ਸਰਦੀ ਵਿਚ? ਕੱਪੜਾ ਵੀ ਭਾਰਾ ਉਸ ਕੋਲ ਨਹੀਂ ਸੀ! ਖਬਰੇ ਗ਼ਰੀਬ ਸਾਰੀ ਰਾਤ ਪਾਲੇ ਠਰਦਾ ਰਿਹਾ ਹੋਵੇ! ਬਦਨਸੀਬ ਨੂੰ ਰੋਟੀ ਵੀ ਖ਼ਬਰੇ ਜੁੜੀ ਹੋਈ ਏ ਕਿ ਨਹੀਂ...

ਸਾਰਾ ਦਿਨ ਉਹ ਇਨ੍ਹਾਂ ਹੀ ਸੋਚਾਂ ਵਿਚ ਗਲਤਾਨ ਰਹੀ।

ਦਿਨ ਬੀਤਦੇ ਗਏ—ਰਾਤਾਂ ਲੰਘਦੀਆਂ ਗਈਆਂ—ਉਡੀਕ ਵਧਦੀ ਗਈ। ਪਰ ਕੰਵਲ?

... ... ... ...

ਦੁਪਿਹਰਾਂ ਦਾ ਵੇਲਾ ਸੀ, ਜਦ ਦੂਰੋਂ—ਬਜ਼ਾਰ ਦੇ ਪਰਲੇ ਸਿਰੇ ਵਲੋਂ ਉਸ ਨੂੰ ਵਾਜੇ ਦੀ ਆਵਾਜ਼ ਸੁਣਾਈ ਦਿੱਤੀ। ਇਸੇ ਵੇਲੇ ਉਸ ਦੀ ਗੁਆਂਢਣ ਸ਼ਕੁੰਤਲਾ ਭੱਜੀ ਆਈ ਤੇ ਅਫਸੋਸ ਭਰੀ ਅਵਾਜ਼ ਵਿਚ ਮਾਲਤੀ ਨੂੰ ਕਹਿਣ ਲੱਗੀ—"ਕੰਵਲ ਫੜਿਆ ਗਿਆ।"

"ਫੜਿਆ ਗਿਆ?"

"ਹਾਂ, ਉਸ ਦਾ ਜਲੂਸ ਆ ਰਿਹਾ ਏ।"

"ਕਿੱਥੇ?"

"ਇਧਰੋਂ ਈ ਲੰਘੇਗਾ—ਵੇਖਾਂ ਵਾਜੇ ਦੀ ਅਵਾਜ਼ ਪਈ ਆਉਂਦੀ।"

ਮਾਲਤੀ ਇਕੋ ਸਾਹ ਪੌੜੀਆਂ ਉਤਰ ਗਈ।

ਜਲੂਸ ਵਿਚ ਬੇ-ਓੜਕ ਭੀੜ ਸੀ। ਅੱਗੇ-ਅੱਗੇ ਬੈਂਡ ਤੇ ਉਸ ਦੇ ਪਿੱਛੇ ਵਾਲੰਟੀਅਰਾਂ ਦੀਆ ਟੋਲੀਆ ਕੌਮੀ ਗੀਤ ਗਾਂਦੀਆਂ ਆ ਰਹੀਆਂ ਸਨ। ਉਹਨਾਂ ਦੇ ਵਿਚਾਲੇ ਸੀ ਸਿਹਰਿਆਂ ਨਾਲ ਲੱਦਿਆਂ ਹੋਇਆਂ ਕੰਵਲ।

ਇਸ ਉਤਸ਼ਾਹ ਦੇ ਸਮੇਂ ਵੀ ਕੰਵਲ ਦਾ ਦਿਲ ਧੜਕ ਰਿਹਾ ਸੀ। ਜਿਉਂ-ਜਿਉਂ ਉਸ ਦਾ ਘਰ ਨੇੜੇ ਆਉਂਦਾ ਜਾਂਦਾ ਸੀ, ਉਸ ਦੀ ਤਬੀਅਤ ਬੇਚੈਨ ਹੁੰਦੀ ਜਾਂਦੀ ਸੀ। ਉਸ ਨੂੰ ਸਭ ਤੋਂ ਦੁੱਖ ਏਸ ਗੱਲ ਦਾ ਸੀ ਕਿ ਜੇਲ੍ਹ ਜਾਣ ਤੋਂ ਪਹਿਲਾਂ ਉਹ ਆਪਣੀ ਭਾਬੀ ਨੂੰ ਚਰਨ ਬੰਦਨਾਂ ਨਹੀਂ ਕਰ ਸਕਿਆ।

ਘਰ ਦੇ ਨੇੜੇ ਪਹੁੰਚ ਕੇ ਦੂਰੋਂ ਹੀ ਕੰਵਲ ਦੀ ਨਜ਼ਰ ਆਪਣੇ ਦੋ ਛੱਤੇ ਮਕਾਨ ਦੀਆਂ ਬਾਰੀਆਂ ਵੱਲ ਪਈ—ਉਹ ਬੰਦ ਸਨ।

ਪਰ ਜਿਉਂ ਹੀ ਜਲੂਸ ਥੋੜ੍ਹਾ ਹੋਰ ਅੱਗੇ ਪੁੱਜਾ ਕੰਵਲ ਦੀ ਨਜ਼ਰ ਆਪਣੀ ਭਾਬੀ ਤੇ ਪਈ, ਜਿਹੜੀ ਹੱਥ ਵਿਚ ਸਿਹਰਾ ਲਈ ਦਲ੍ਹੀਜ਼ ਵਿਚ ਖੜੀ ਸੀ।

ਜਲੂਸ ਠਹਿਰ ਗਿਆ—ਨਾਹਰਿਆਂ ਦੀ ਗੂੰਜ ਨੇ ਅਕਾਸ਼ ਹਿਲਾ ਦਿੱਤਾ—"ਪੰਡਤ ਕੰਵਲ ਕਿਸ਼ੋਰ ਜ਼ਿੰਦਾਬਾਦ!"

ਭਾਬੀ ਦੇ ਹੱਥ ਵਿਚ ਸਿਹਰਿਆਂ ਦਾ ਵੇਖਣਾ ਸੀ ਕਿ ਕੰਵਲ ਦਾ ਦਿਲ ਛਲਕ ਪਿਆ।

ਜਲੂਸ ਵਿਚੋਂ ਨਿਕਲ ਕੇ ਕੰਵਲ ਨੇ ਭਾਬੀ ਦੀ ਚਰਨ-ਧੂੜ ਲੈ ਕੇ ਮੱਥੇ ਨੂੰ ਲਾਈ।

ਮਾਲਤੀ ਨੇ ਕੰਵਲ ਨੂੰ ਜੱਫੀ ਵਿਚ ਪਾ ਲਿਆ ਤੇ ਉਸ ਤੇ ਉਸ ਦੇ ਮੱਥੇ ਤੇ ਲੱਗੀ ਹੋਈ ਧੂੜ ਨੂੰ ਆਪਣੇ ਬੁੱਲਾਂ ਵਿਚ ਜਜ਼ਬ ਕਰ ਲਿਆ। ਫਿਰ ਸਿਹਰ ਉਸ ਦੇ ਗਲ ਵਿਚ ਪਾਂਦੀ ਹੋਈ ਬੋਲੀ—"ਜਾਹ ਵੀਰ, ਭਾਰਤ ਮਾਤਾ ਦੀ ਸੇਵਾ...।" ਉਸ ਦਾ ਗਲਾ ਭਰ ਆਇਆ ਤੇ ਇਸ ਤੋਂ ਅੱਗੇ ਉਹ ਬੋਲ ਨਾ ਸਕੀ!

ਕੰਵਲ ਦੇ ਦਿਲ ਦੀਆਂਖੱਤੀਆਂ, ਮਾਲਤੀ ਦੇ ਤ੍ਰੇਲ-ਦੇ ਅੱਥਰੂਆਂ ਨਾਲ ਹਰੀਆਂ ਹੋ ਰਹੀਆਂ ਸਨ।

ਭਾਬੀ ਦੇ ਅਪਮਾਨ ਦੀ ਕੁਝ ਚਿਰ ਤੋਂ ਭੁੱਲ ਚੁੱਕੀ ਯਾਦ ਕੰਵਲ ਦੇ ਦਿਲ

ਵਿਚ ਸੱਜਰੀ ਹੋ ਆਈ। ਉਹ ਆਪਣੇ ਹਿਰਦੇ ਦੇ ਹੜ੍ਹ ਨੂੰ ਔਖਿਆਈ ਨਾਲ ਰੋਕਦਾ ਹੋਇਆ ਬੋਲਿਆ—"ਭਾਬੀ!" ਮੈਂ ਤੇਰਾ ਹੁਕਮ ਨਹੀਂ ਮੰਨਿਆਂ ਮੈਂ ਤੇਰੇ ਨਾਲ ਇਕਰਾਰ ਕੀਤਾ ਸੀ ਕਿ ਅਸਤੀਫਾ......।"

"ਨਹੀਂ ਵੀਰ!" ਮਾਲਤੀ ਵਿਚੋਂ ਹੀ ਬੋਲੀ—"ਹੁਣ ਇਸ ਦੀ ਲੋੜ ਨਹੀਂ। ਮੈਂ ਤੈਨੂੰ ਸਗੋਂ ਆਪ ਕਹਿ ਕੇ ਭੇਜਦੀ। ਜਿਸ ਵੇਲੇ ਮੈਂ ਤੈਨੂੰ ਰੋਕਿਆ ਸੀ, ਇਸ ਘਰ ਵਿਚ ਤੇਰੇ ਲਈ ਥਾਂ ਸੀ, ਪਰ......।" ਮਾਲਤੀ ਦਾ ਫੇਰ ਓਹੀ ਹਾਲ!

"ਭਾਬੀ!" ਕੰਵਲ ਬੋਲਿਆ—"ਮੈਂ ਜੇਲ੍ਹ ਵਿਚ ਜਾ ਕੇ ਬੜਾ ਖੁਸ਼ ਰਹਿੰਦਾ, ਜੇ ਮੈਨੂੰ ਤਸੱਲੀ ਹੁੰਦੀ ਕਿ ਭਾਬੀ ਸੁਖੀ ਹੈ।"

"ਮੈਂ ਆਪਣੇ ਵੀਰੇ ਦੀ ਖ਼ਾਤਰ ਜੀਵਾਂਗੀ—ਆਪਣੇ ਸੁਖੀ ਲੱਥੇ ਦੀ ਯਾਦ ਮੈਨੂੰ ਸੁਖੀ ਰੱਖੇਗੀ।

"ਭਾਬੀ! ਤੇਰਾ ਅਪਮਾਨ ਕੀਤਾ ਗਿਆ ਸੀ। ਸਿਰਫ ਇਹੋ ਦੁਖ ਹੈ ਜਿਸ ਨੂੰ ਦਿਲ ਬਰਦਾਸ਼ਤ ਨਹੀਂ ਕਰ ਸਕਦਾ।

"ਮੇਰਾ ਅਪਮਾਨ? ਕੰਵਲ! ਇਕ ਸਤੀ ਦਾ ਅਪਮਾਨ ਕੌਣ ਕਰ ਸਕਦਾ ਏ? ਮੈਂ ਉਨ੍ਹਾਂ ਨੂੰ ਖਿਮਾਂ ਕੀਤੀ। ਮੇਰਾ ਨਹੀਂ ਉਨ੍ਹਾਂ ਨੇ ਆਪਣਾ ਹੀ ਅਪਮਾਨ ਕੀਤਾ ਹੈ।"

ਕੰਵਲ ਦਾ ਦਿਲ ਗਦ-ਗਦ ਹੋ ਗਿਆ। ਭਾਬੀ ਵਿਚ ਏਨੀ ਸਹਿਨ ਸ਼ੀਲਤਾ ਹੈ! ਇਤਨਾ ਆਤਮ-ਗੌਰਵ! ਇਹ ਉਸ ਨੂੰ ਅੱਜ ਪਹਿਲੀ ਵੇਰਾਂ ਪਤਾ ਲੱਗਾ।

ਉਸ ਨੇ ਇਕ ਵਾਰੀ ਫੇਰ ਭਾਬੀ ਨੂੰ ਪ੍ਰਣਾਮ ਕੀਤਾ, ਤੇ ਇਸ ਬਦਲੇ ਰੱਜਵਾਂ ਪਿਆਰ ਤੇ ਭਰਵੀਆਂ ਅਸੀਸਾਂ ਲੈ ਕੇ ਆਪਣੇ ਰਸਤੇ ਤੁਰ ਪਿਆ।

ਨਾਹਰੇ ਫੇਰ ਗੂੰਜ ਉਠੇ—"ਬੀਬੀ ਮਾਲਤੀ ਦੇਵੀ ਜ਼ਿੰਦਾਬਾਦ! ਪੰਡਤ ਕੰਵਲ ਕਿਸ਼ੋਰ ਜ਼ਿੰਦਾਬਾਦ!"

ਜਲੂਸ ਚਲਾ ਗਿਆ—ਕੰਵਲ ਚਲਾ ਗਿਆ, ਪਰ ਮਾਲਤੀ ਖੜੀ ਸੀ। ਇਸ ਵੇਲੇ ਉਸ ਦੀਆਂ ਅੱਖਾਂ ਵਿਚ ਹੰਝੂ ਨਹੀਂ ਸਨ, ਦਿਲ ਵਿਚ ਗ਼ਮ ਨਹੀਂ ਸੀ, ਨਾ ਹੀ ਖ਼ਿਆਲਾਂ ਵਿਚ ਨਿਰਾਸਤਾ।

# ਮੋਤੀ ਨੂੰ ਮੁਲੰਮਾ

ਉਹ ਅਜਿਹਾ ਮੋਤੀ ਸੀ ਜਿਸ ਦੀ ਆਬ ਤੇ ਚਮਕ ਹਜ਼ਾਰਾਂ ਲੋਕਾਂ ਦੀਆਂ ਅੱਖਾਂ ਚੁੰਧਿਆਂ ਦੇਂਦੀ ਸੀ, ਪਰ ਉਹ ਜੜ੍ਹ ਤੇ ਸਖ਼ਤ ਨਹੀਂ, ਸਗੋਂ ਸਜੀਵ ਤੇ ਕੋਮਲ ਮੋਤੀ ਸੀ। ਇਕ ਸੁਤੰਤਰ ਬਾਦਸ਼ਾਹ ਵਾਂਗ ਉਹ ਅਗੰਮੀ ਖ਼ਿਆਲਾਂ ਦੀ ਰਿਆਇਆ ਉਤੇ ਰਾਜ ਕਰਦਾ ਸੀ। ਉਹ ਕਵੀ ਸੀ।

ਉਸ ਦੀ ਦੌਲਤ ਨਾਲ ਦੁਨੀਆਂ ਵਰੋਸਾਂਦੀ ਸੀ, ਪਰ ਦੁਨੀਆਂ ਦੀ ਦੌਲਤ ਉਸ ਦੇ ਨੇੜੇ ਨਹੀਂ ਸੀ ਫਟਕ ਸਕਦੀ। ਸ਼ਾਇਦ ਇਹੋ ਕਾਰਨ ਹੈ ਕਿ ਤਨ ਦਾ ਨੰਗੇਜ ਢੱਕਣ ਤੇ ਪੇਟ ਦਾ ਟੋਇਆ ਪੂਰਨ ਲਈ ਕਵੀ ਪਾਸ ਜੋ ਸਮਿਆਨ ਸੀ ਉਹ ਨਾ ਹੋਏ ਵਰਗਾ ਸੀ।

ਕਵਿਤਾ ਦੀ ਦੌਲਤ ਨਾਲ ਮਾਲਾ ਮਾਲ ਹੋ ਕੇ ਜਦ ਉਹ ਝੂਮਦਾ ਹੋਇਆ ਘਰ ਆਉਂਦਾ ਤਾਂ ਉਸ ਦਾ ਸਵਾਗਤ ਕਰਦੀ ਸੀ ਪਾਟਿਆ ਚੀਥੜਿਆਂ ਵਾਲੀ ਇਕ ਸਤਵੰਤੀ ਤੇ ਮਰੀਅਲ ਜਿਹੇ ਅੱਧ-ਨੰਗੇ ਦੋ ਬਾਲਕ।

ਕੱਚੀਆਂ ਕੰਧਾਂ, ਧੁਆਂਖਿਆ ਹੋਇਆ ਕਮਰਾ, ਜਿਸ ਵਿਚ ਦੀ ਹਰ ਚੀਜ਼ ਉੱਤੇ ਬਾਰ੍ਹਾਂ ਮਹੀਨੇ ਗ਼ਰੀਬੀ ਤੇ ਨਿਰਾਸਤਾ ਦੀ ਪਤਝੜ ਛਾਈ ਰਹਿੰਦੀ ਸੀ—ਉਸ ਬਾਦਸ਼ਾਹ ਦਾ ਰਾਜ-ਮਹੱਲ ਸੀ। ਇਥੋਂ ਹੀ ਉਸ ਨੂੰ ਨਿੱਤ ਨਵੇਂ ਤੋਂ ਨਵੇਂ ਖ਼ਿਆਲ ਦੇ ਡੂੰਘੇ ਤੋਂ ਡੂੰਘੇ ਭਾਵ ਪ੍ਰਾਪਤ ਹੁੰਦੇ ਸਨ। ਪੱਥਰ ਕੰਬਾਊ ਤੇ ਦਿਲ ਤੜਪਾਊ ਕਵਿਤਾਵਾਂ ਦਾ ਨਿਕਾਸ ਇਸੇ ਮਹੱਲ ਵਿਚਲੀ ਕਿਸੇ ਨਾ ਕਿਸੇ ਚੀਜ਼ ਤੋਂ ਹੁੰਦੀ ਸੀ।

ਕਈਆਂ ਦਿਨਾਂ ਤੋਂ ਉਸ ਨੇ ਇਕ ਡਰਾਮਾ ਲਿਖਣਾ ਪਾਇਆ ਹੋਇਆ ਸੀ, ਜਿਸ ਨੂੰ ਲਿਖਣ ਲਈ ਉਹ ਰੋਜ਼ ਸਵੇਰੇ ਉਠ ਕੇ ਦੂਰ ਖੇਤਾਂ ਵਿਚ ਚਲਾ ਜਾਂਦਾ ਸੀ।

... ... ... ...

ਡਰਾਮੇ ਦਾ ਛੇੜਕਲਾ ਅੰਕ ਪੂਰਾ ਕਰ ਕੇ ਉਹ ਸੜਕੋ ਸੜਕ ਤੁਰਿਆ ਜਾਂਦਾ ਸੀ ਤੇ ਆਪਣੀ ਲਿਖਤ ਨੂੰ ਘੜੀ ਮੁੜੀ ਘੋਖਦਾ ਜਾਂਦਾ ਸੀ। ਉਸ ਨੂੰ ਆਂਪਣਾ ਆਪ ਧਰਤੀ ਤੋਂ ਉਤਾਂਹ ਉਡਦਾ ਜਾਪਦਾ। ਪੜ੍ਹਦਿਆਂ ਪੜ੍ਹਦਿਆਂ ਕਈ ਵਾਰੀ ਉਹ ਖੀਸੇ ਚੋਂ ਰੁਮਾਲ ਕੱਢ ਕੇ ਅੱਖਾਂ ਪੂੰਝਣ ਲੱਗ ਪੈਂਦਾ। ਵਿਚ ਵਿਚ ਉਸ ਨੂੰ ਖ਼ਿਆਲ ਆਉਂਦਾ, "ਕੀ ਇਹ ਮੇਰਾ ਹੀ ਲਿਖਿਆ ਹੋਇਆ ਹੈ? ਕਿਤਨਾ ਦਰਦ ਭਰਿਆ ਪਲਾਟ ਤੇ ਫਿਰ ਇਤਨੀ ਛੇਤੀ ਸਿਰੇ ਚੜ੍ਹ ਗਿਆ?"

ਉਸ ਨੂੰ ਜੇ ਹੀਰਿਆਂ ਦੀ ਖਾਣ ਲੱਭ ਪੈਂਦੀ, ਤਾਂ ਵੀ ਸ਼ਾਇਦ ਉਹ ਇਤਨਾ ਖੁਸ਼ ਨਾ ਹੁੰਦਾ।

ਘਰ ਪੁੱਜਾ। ਉਸ ਦਾ ਢਿੱਡ ਆਫਰ ਰਿਹਾ ਸੀ ਤੇ ਇਹ ਅਫਰੇਵਾਂ ਤਦ ਤੀਕ ਨਹੀਂ ਸੀ ਹਟ ਸਕਦਾ ਜਦ ਤੀਕ ਉਹ ਆਪਣੀ ਰਚਨਾ ਕਿਸੇ ਨੂੰ ਸੁਣਾ ਨਾ ਲਵੇ। ਇਹੋ ਆਦਤ ਸੀ।

ਪ੍ਰੀਤਮ ਕੌਰ ਇਕ ਨੁੱਕਰੇ ਬੈਠੀ ਭਾਂਡੇ ਮਾਂਜ ਰਹੀ ਸੀ। ਉਸ ਦੀਆਂ ਅੱਖਾਂ ਧਰਤੀ ਤੇ ਗੱਡੀਆਂ ਹੋਈਆਂ ਸਨ ਕਿਸੇ ਚਿੰਤਾ ਵਿਚ।

ਮੰਜੇ ਤੇ ਬੈਠਦਿਆਂ ਹੀ ਕਵੀ ਨੇ ਬੁੱਲਾਂ ਵਿਚ ਮੁਸਕਰਾ ਕੇ ਪ੍ਰੀਤਮ ਕੌਰ ਨੂੰ ਅਵਾਜ਼ ਦਿੱਤੀ—"ਅਰੇ ਆ ਜ਼ਰਾ, ਐਹ ਦੋ ਚਾਰ ਵਰਕੇ ਸੁਣ ਲੈ।"

ਸੁਣ ਕੇ ਪ੍ਰੀਤਮ ਕੌਰ ਦੀ ਚਿੰਤਾ ਗੁੱਸੇ ਵਿਚ ਬਦਲ ਗਈ। ਉਹ ਖਿੱਝਕੇ ਬੋਲੀ—"ਚੁੱਲੇ 'ਚ ਪਾਓ ਵਰਕਿਆਂ ਨੂੰ। ਤੁਹਾਡੀ ਤੇ ਉਹ ਗੱਲ ਏ, ਅਖੇ "ਉਹ ਫਿਰੇ ਨੱਕ ਵਢਾਣ ਨੂੰ ਤੇ ਉਹ ਫਿਰੇ ਨੱਥ ਘੜਾਣ ਨੂੰ।" ਏਧਰ ਤਕਾਜ਼ੇ ਵਾਲਿਆਂ ਬੂਹੇ ਦੀਆਂ ਦਲ੍ਹੀਜ਼ਾਂ ਘਸਾ ਛੱਡੀਆਂ ਨੇ, ਤੇ ਇਨ੍ਹਾਂ ਨੂੰ ਵਰਕੇ ਸੁੱਝਣ ਡਹੇ ਹੋਏ ਨੇ। ਪਹਿਲਾਂ ਮਕਾਨ ਵਾਲਾ ਸੌ ਸੌ ਜ਼ਬਾਨਾਂ ਬੋਲ ਕੇ ਗਿਆ, ਫੇਰ ਹਟਵਾਣੀਏਂ ਦਾ ਮੁੰਡਾ ਆ ਮਰਿਆ। ਆਪ ਤੇ ਬਸ ਫੜੀ ਕਾਪੀ ਤੇ ਜਾ ਵੜੇ ਬਾਗਾਂ ਵਿਚ। ਸਿਆਪੇ ਸਾਰੇ ਮੇਰੀ ਜਾਨ ਜੋਗੇ ਨੇ। ਮੁੰਡਾ ਡਰਦਾ ਮਾਰਿਆ ਸਕੂਲੇ ਨਹੀਂ ਗਿਆ। ਵੱਡੇ ਵੇਲੇ ਦਾ ਫੀਸ ਦਾ ਪੁਆੜਾ...।"

ਪਤਨੀ ਦੀ ਗੱਲ ਮੁੱਕਣ ਤੋਂ ਪਹਿਲਾਂ ਹੀ ਉਹ ਬੋਲ ਪਿਆ— "ਓ ਭੋਲੀਏ! ਕਾਹਨੂੰ ਫਿਕਰ ਕਰਨੀ ਏਂ! ਰੱਬ ਸਾਰੇ ਕੰਮ ਰਾਸ ਕਰੇਗਾ। ਆ

ਉਰੇ ਤੈਨੂੰ ਕੁਛ ਸੁਣਾਵਾਂ। ਇਕ ਦੋ ਵਰਕੇ ਸੁਣ ਕੇ ਈ ਤੇਰੇ ਸਾਰੇ ਫਿਕਰ ਦੂਰ ਹੋ ਜਾਣਗੇ।"

ਹੋਰ ਛਿੱਥੀ ਹੋ ਕੇ ਪ੍ਰੀਤਮ ਕੌਰ ਬੋਲੀ—ਰਤਾ ਪਹਿਲਾਂ ਆ ਜਾਣਾ ਸੀ ਨਾ। ਦੋ ਦੋ ਵਰਕੇ ਸੁਣਾ ਕੇ ਸਾਰਿਆਂ ਦਾ ਕਰਜ਼ ਲਾਹ ਦੇਂਦੇ। ਰਿੰਨ੍ਹਣ ਪਕਾਣ ਦੀ ਵੀ ਲੋੜ ਕੋਈ ਨਹੀਂ। ਦੋ ਦੋ ਵਰਕੇ ਸੁਣਾ ਦੇਣੇ, ਸਭਨਾਂ ਦੇ ਢਿੱਡ ਭਰ ਜਾਣਗੇ।"

ਕਵੀ ਨਿਰੁੱਤਰ ਹੋ ਗਿਆ, ਪਰ ਬੇ-ਵੱਸ ਸੀ। ਸੁਣਾਏ ਬਿਨਾਂ ਉਸ ਲਈ ਨਿਠੱਲਿਆਂ ਬੈਠਣਾ ਔਖਾ ਸੀ। ਉਸ ਨੇ ਜਾਕੇ ਬਦੋ-ਬਦੀ ਪ੍ਰੀਤਮ ਕੌਰ ਨੂੰ ਬਾਹੋਂ ਫੜ ਕੇ ਉਠਾਇਆ ਤੇ ਪਾਸ ਬਿਠਾਲ ਕੇ ਛੇਤੀ ਪੜ੍ਹਨ ਲੱਗਾ।

... ... ... ...

ਉਸ ਦਾ ਖ਼ਿਆਂਲ ਸੀ ਕਿ ਸੁਣਦਿਆਂ ਹੀ ਪ੍ਰੀਤਮ ਕੌਰ ਅੱਸ਼ ਅੱਸ਼ ਕਰ ਉਠੇਗੀ, ਤਰੀਫ਼ਾਂ ਦੇ ਪੁਲ ਬੰਨ੍ਹ ਦੇਵੇਗੀ। ਪਰ ਪ੍ਰੀਤਮ ਕੌਰ ਟਸ ਤੋਂ ਮੱਸ ਨਾ ਹੋਈ।

ਡਰਾਮੇ ਦਾ ਪਲਾਟ ਕੀ ਸੀ? ਕਿਸੇ ਹੋਰ ਰੰਗ ਵਿਚ ਚਿਤਰੀ ਹੋਈ ਆਪਣੇ ਹੀ ਜੀਵਨ ਦੀ ਤਸਵੀਰ। ਪ੍ਰੀਤਮ ਕੌਰ ਦੇ ਹਿਰਖ ਵਿਚ ਹੋਰ ਵਾਧਾ ਹੋ ਗਿਆ। ਆਪਣੀ ਹਾਲਤ ਉਸ ਨੂੰ ਅਸਹਿ ਜਾਪਣ ਲੱਗੀ ਉਹ ਅੱਧਵਾਟਿਓਂ ਹੀ ਛੱਡ ਕੇ ਭਰੇ ਹੋਏ ਦਿਲ ਨਾਲ ਉੱਠ ਗਈ। ਕਵੀ ਨੂੰ ਆਪਣੀ ਰਚਨਾ ਫਿੱਕੀ ਫਿੱਕੀ ਜਾਪਣ ਲੱਗੀ।

... ... ... ...

ਡਰਾਮਾ ਇਕ ਰਸਾਲੇ ਵਿਚ ਛਪਿਆ ਤੇ ਜਿਸ ਨੇ ਪੜ੍ਹਨ ਸੁਣਨ ਵਾਲਿਆਂ ਨੂੰ ਤੜਪਾ ਦਿੱਤਾ। ਕਵੀ ਦੀ ਮਸ਼ਹੂਰੀ ਪਹਿਲਾਂ ਵੀ ਘੱਟ ਨਹੀਂ ਸੀ, ਪਰ ਉਸਦੀ ਇਹ ਰਚਨਾ ਤਾਂ ਅਦੁੱਤੀ ਸਾਬਤ ਹੋਈ। ਇੱਥੋਂ ਤਕ ਸੁਹਰਤ ਫੈਲੀ ਕਿ ਥੋੜ੍ਹੇ ਹੀ ਦਿਨਾਂ ਬਾਦ ਇਕ ਥੀਏਟਰ ਕੰਪਨੀ ਨੇ ਇਸ ਨੂੰ ਖ਼ਰੀਦ ਲਿਆ।

ਕਵੀ ਦੀਆਂ ਹੁਣ ਪੰਜੇ ਘਿਉ ਵਿਚ ਸਨ। ਉਸ ਨੂੰ ਕਿਸੇ ਨਵੀਂ ਦੁਨੀਆਂ ਦੇ ਸੁਪਨੇ ਆਉਣ ਲੱਗੇ।

ਸਟੇਜ ਉਤੇ ਡਰਾਮਾ ਉਸ ਦੀ ਉਮੇਦ ਨਾਲੋਂ ਵੱਧ ਕਾਮਯਾਬ ਹੋਇਆ। ਹੁਣ ਕਵੀ ਦੇ ਦਿਲ ਦਿਮਾਗ਼ ਵਿਚ ਇਕ ਨਵਾਂ ਭੌਜਲ ਮੱਚਣਾ ਸ਼ੁਰੂ ਹੋਇਆ।

ਇਨ੍ਹੀਂ ਦਿਨੀਂ ਦੇਸ਼ ਵਿਚ 'ਟਾਕੀ ਫ਼ਿਲਮ' ਦਾ ਰਿਵਾਜ਼ ਨਵਾਂ ਨਵਾਂ ਚਲਿਆ ਸੀ। ਇਸ ਨਾਲ ਕਵੀ ਦੀ ਕਿਸਮਤ ਨੇ ਪਲਟਾ ਖਾਧਾ। ਉਹ ਕਵੀ ਜਿਸ ਨੇ ਕਦੀ ਇਕ ਮੁੱਠ ਪੰਜਾਹ ਰੁਪਈਏ ਆਪਣੀ ਅੱਖੀਂ ਨਹੀਂ ਸਨ ਵੇਖੇ, ਵੀਹ ਰੁਪਈਏ ਰੋਜ਼ ਅਰਥਾਤ ਛੀ ਸੌ ਰੁਪਏ ਮਹੀਨੇ ਤੇ ਬੰਬਈ ਦੀ ਇਕ ਸਿਨੇਮਾ ਕੰਪਨੀ ਪਾਸ ਡਰਾਮਾ-ਲੇਖਕ ਦੀ ਪਦਵੀ ਤੇ ਨੱਸ ਗਿਆ।

ਥੋੜ੍ਹੇ ਦਿਨਾਂ ਬਾਦ ਉਹ ਟੱਬਰ ਸਣੇ ਬੰਬਈ ਜਾ ਪੁੱਜਾ

... ... ... ...

ਕਵੀ ਹੁਣ ਇਕ ਖਾਸਾ ਅਮੀਰ ਸੀ। ਉਸ ਦੇ ਰਹਿਣ ਲਈ ਕੋਠੀ ਤੇ ਚੜ੍ਹਨ ਲਈ ਮੋਟਰ ਸੀ, ਪਰ ਉਸ ਦੀ ਸੋਚ-ਉਡਾਰੀ ਹੁਣ ਅਰਸ਼ੀ ਮੰਡਲਾਂ ਤੋਂ ਉਤਰ ਕੇ ਬੰਦ ਮਕਾਨਾਂ ਵਿਚ ਭੰਬਲ ਭੂਸੇ ਖਾਂਦੀ ਫਿਰਦੀ ਸੀ। ਉਸ ਦੇ ਦਿਲ ਵਿਚ ਦਿਮਾਗ਼ ਵਿਚ ਹੁਣ ਪ੍ਰੀਤੀ ਭੋਜਨਾਂ ਦੀ ਹਿਰਸ ਤੇ ਫੈਸ਼ਨੇਬਲ ਪਰੀਆਂ ਸਨ।

ਕੰਪਨੀ ਦੇ ਮਾਲਕ ਵੱਲੋਂ ਇਕ ਅਜਿਹੀ ਫਿਲਮ-ਸਟੋਰੀ ਲਿਖਣ ਦੀ ਫਰਮਾਇਸ਼ ਪਾਈ ਗਈ, ਜਿਸ ਦਾ ਪਲਾਟ ਕਰੁਣਾ-ਰਸ-ਪੂਰਤ ਹੋਵੇ, ਪਰ ਉਸ ਵਿਚ ਹਾਸ-ਰਸ ਵੀ ਚੋਖਾ ਹੋਵੇ। ਸਾਰੇ ਸੀਨ ਇਕ ਦੂਜੇ ਤੋਂ ਚੜ੍ਹਦੇ ਹੋਣ, ਪਰ ਬਹੁਤਾ ਖ਼ਰਚ ਕਰਾਣ ਵਾਲੇ ਵੀ ਨਾ ਹੋਣ, ਰਾਜਸ਼ੀ ਵਿਚਾਰ ਉਸ ਵਿਚ ਉੱਕਾ ਨਾ ਹੋਵੇ, ਪਰ ਜਾਪੇ ਦੇਸ਼-ਪ੍ਰੇਮ ਦਾ ਸੋਮਾ। ਅੱਯਾਸ਼ੀ ਨਾ ਹੋਵੇ, ਪਰ ਥਾਂ ਥਾਂ ਇਸ਼ਕੀਆਂ ਗਜ਼ਲਾਂ ਤੇ ਅਧਨੰਗੇ ਨਾਚਾਂ ਦੇ ਸੀਨ ਆਉਣੇ ਚਾਹੀਦੇ ਹਨ। ਇਸ ਤੋਂ ਛੁੱਟ ਘਸੁੰਨ ਮੁਕੀ ਤੇ ਮਾਰ ਕੁਟਾਈ ਵੀ ਖ਼ੂਬ ਹੋਵੇ। ਮੁਕਦੀ ਗੱਲ ਕਿ ਚੁਆਨੀ ਦਰਜੇ ਵਾਲਿਆਂ ਦੇ ਦਿਲ ਪਰਚਾਵੇ ਦਾ ਪੂਰਾ ਪੂਰਾ ਸਮਿਆਨ ਹੋਵੇ, ਪਰ ਇਸ ਗੱਲ ਦਾ ਵੀ ਖ਼ਿਆਲ ਰੱਖਿਆ ਜਾਵੇ ਕਿ ਪੜ੍ਹੇ ਲਿਖੇ ਤੇ ਰੱਜੇ ਪੁੱਜੇ ਲੋਕੀਂ ਵੀ ਫ਼ਿਲਮ ਵੇਖਕੇ ਫੜਕ ਪੈਨ। ਗੋਇਆ ਕਹਾਣੀ 'ਭਾਨ ਮਤੀ ਦਾ ਪਟਾਰਾ' ਹੋਣੀ ਚਾਹੀਦੀ ਹੈ।

... ... ... ...

ਅੱਜ ਉਹ ਵੱਡੇ ਵੇਲੇ ਉਠਦਾ ਹੀ ਮੇਜ਼ ਅੱਗੇ ਬੈਠ ਗਿਆ। ਉਸ ਨੇ ਦਿਲ ਵਿਚ ਪੱਕਾ ਫੈਸਲਾ ਕਰ ਲਿਆ ਕਿ ਭਾਵੇਂ ਪਿਉ ਦੇ ਕੁੱਪੇ ਰੁੜ੍ਹ ਜਾਣ ਕਹਾਣੀ ਪੂਰੀ ਕੀਤੇ ਬਿਨਾਂ ਅੱਜ ਉਸਨੇ ਨਹੀਂ ਉੱਠਣਾ।

ਉਸ ਦੇ ਸਾਹਮਣੇ ਅਧੂਰੇ ਲਿਖੇ ਕਾਗਜ਼ਾਂ ਦਾ ਇਕ ਦੱਬਾ ਮੇਜ਼ ਤੇ ਖਿੱਲਰਿਆ ਪਿਆ ਸੀ। ਕਦੇ ਕਿਸੇ ਨੂੰ ਫੋਲਦਾ ਕਦੇ ਕਿਸੇ ਨੂੰ, ਪਰ ਕੋਈ ਵੀ ਦਿਲ ਨੂੰ ਜੱਚਦਾ ਨਹੀਂ ਸੀ।

ਬਿਨਾਂ ਹੀਲ ਹੁੱਜਤ, ਪਤੀ ਨੂੰ ਆਪਣੇ ਆਪ ਹੀ ਅੱਜ ਲਿਖਣ ਬੈਠਾ ਵੇਖ ਕੇ ਪ੍ਰੀਤਮ ਕੌਰ ਬੜੀ ਖੁਸ਼ ਹੋਈ। ਉਹ ਅੱਗੇ ਰੋਜ਼ ਘੰਟਿਆਂ ਬੱਧੀ ਉਸ ਨੂੰ ਲਿਖਣ ਲਈ ਮਜ਼ਬੂਰ ਕਰਦੀ ਰਹਿੰਦੀ ਤੇ ਕਦੀ ਤਰ੍ਹਾਂ ਤਰ੍ਹਾਂ ਦੇ ਬਹਾਨੇ ਕਰ ਕੇ ਟਾਲ ਛੱਡਿਆ ਕਰਦਾ ਸੀ।

ਉਸ ਨੇ ਬਾਲਾਂ ਨੂੰ ਬਾਹਰ ਭੇਜ ਦਿੱਤਾ, ਤਾਂ ਜੁ ਰੌਲਾ ਪਾ ਕੇ ਲਿਖਾਰੀ ਦੇ ਕੰਮ ਵਿਚ ਵਿਘਨ ਨਾ ਪਾਣ, ਤੇ ਆਪ ਦਬੇ ਪੈਰੀਂ ਜਾ ਕੇ ਮੇਜ਼ ਦੇ ਦੋਹੀਂ ਪਾਸੀਂ ਮੁਸ਼ਕੰਬਰ ਦੀਆਂ ਬੱਤੀਆਂ ਧੁਖਾ ਆਈ, ਨਾਲੇ ਬਿਜਲੀ ਦਾ ਪੱਖਾ ਰਤਾ ਹੋਰ ਤੇਜ਼ ਕਰ ਕੇ ਕਾਗਤਾਂ ਉਤੇ ਪੇਪਰਵੇਟ ਰੱਖ ਦਿੱਤੇ। ਪਰ ਕਵੀ ਦੀ ਸੋਚ ਉਡਾਰੀ ਤਾਂ ਏਹਨੀ ਦਿਨੀ ਡੱਡ-ਟਪੋਸੀਆਂ ਤੇ ਆ ਪਹੁੰਚੀ ਸੀ, ਜੋ ਗਜ਼ ਦੋ ਗਜ਼ ਉੱਚੀ ਜਾ ਕੇ ਫੇਰ ਭੁੰਜੇ ਆ ਪਟਕਦੀ। ਕਈ ਘੰਟੇ ਉਹ ਇਸ ਤਰ੍ਹਾਂ ਖਪਦਾ ਰਿਹਾ, ਪਰ ਵਿਅਰਥ।

ਉਹ ਛਿੱਥਾ ਹੋ ਕੇ ਉੱਠ ਖੜੋਤਾ। ਪੱਬਾਂ ਭਾਰ ਹੋ ਕੇ ਤੇ ਬਾਹਵਾਂ ਅਕੜਾ ਕੇ ਇਕ ਦੋ ਆਕੜਾਂ ਉਬਾਸੀਆਂ ਲਈਆਂ, ਤੇ ਫਿਰ ਕਮਰੇ ਵਿਚ ਟਹਿਲਣ ਲੱਗ ਪਿਆ।

ਬੂਟਾਂ ਦਾ ਖੜਾਕ ਸੁਣ ਕੇ ਪ੍ਰੀਤਮ ਕੌਰ ਛੇਤੀ ਨਾਲ ਅੰਦਰ ਦੌੜੀ। ਅੱਜ ਉਸ ਦਾ ਦਿਲ ਖੁਸ਼ ਸੀ ਜੁ ਪਤੀ ਦੇਵਤਾ ਲਗਾਤਾਰ ਕਈ ਘੰਟੇ ਤੋਂ ਮਿਹਨਤ ਕਰ ਰਹੇ ਸਨ।

ਪਰ ਕਮਰੇ ਵਿਚ ਵੜ ਕੇ ਉਸ ਨੇ ਜੋ ਕੁਝ ਡਿੱਠਾ ਉਸ ਨੇ ਪ੍ਰਤੀਮ ਕੌਰ ਨੂੰ ਚਕਰਾ ਦਿੱਤਾ। ਮੇਜ਼ ਦੇ ਹੇਠਾਂ ਚੌਹੀਂ ਪਾਸੀਂ ਮਰੂੰਡਾ ਹੋਏ ਕਾਗਜ਼ਾਂ ਦਾ ਢੇਰ ਲੱਗਾ ਪਿਆ ਸੀ ਤੇ ਉਤੇ ਕਈ ਰਿਸਾਲੇ ਤੇ ਕਿਤਾਬਾਂ ਖੁੱਲ੍ਹੀਆਂ

ਪਈਆਂ ਸਨ। ਰਾਈਟਿੰਗ ਪੈਡ ਦਾ ਉਤਲਾ ਕੇਵਲ ਇੱਕੋ ਵਰਕਾ ਲਿਖਿਆ ਹੋਇਆ ਸੀ, ਪਰ ਉਹ ਵੀ ਲੀਕਾਂ ਮਾਰਕੇ ਰੱਦੀ ਕੀਤਾ ਹੋਇਆ।

ਪਤੀ ਨੇ ਕ੍ਰੋਧ ਭਰਿਆ ਇਸ਼ਾਰਾ ਕਰਕੇ ਪਤਨੀ ਨੂੰ ਬਾਹਰ ਕੱਢ ਦਿੱਤਾ।

ਕਚੀਚੀ ਵਟ ਕੇ ਉਹ ਫੇਰ ਲਿਖਣ ਬੈਠਾ। ਨਵੇਂ ਸਿਰੇ ਨਾਟਕਾਂ ਤੇ ਰਿਸਾਲਿਆਂ ਦੀ ਫੋਲਾ-ਫਾਲੀ ਸ਼ੁਰੂ ਹੋਈ। ਬਥੇਰੇ ਤੋੜ ਜੋੜ ਕੀਤੇ, ਪਰ ਕੰਮ ਸਿਰੇ ਚੜ੍ਹਨਾ ਤਾਂ ਕਿਤੇ ਰਿਹਾ, ਸ਼ੁਰੂ ਹੀ ਨਾ ਹੋ ਸਕਿਆ।

ਅਚਾਨਕ ਹੀ ਉਸ ਨੂੰ ਇਕ ਹੋਰ ਜੁਗਤ ਸੁਝੀ। ਉਸਨੂੰ ਚੇਤਾ ਆ ਗਿਆ ਉਹੀ ਅੰਗਰੇਜ਼ੀ ਫ਼ਿਲਮ, ਜਿਹੜੀ ਪਿੱਛੇ ਜਿਹੇ ਉਸ ਵੇਖੀ ਸੀ—ਬਸ ਠੀਕ ਹੈ—ਥੋੜ੍ਹੀ ਜਹੀ ਅਦਲਾ ਬਦਲੀ ਦੀ ਹੀ ਤਾਂ ਲੋੜ ਹੈ—ਸੇਠ ਭੌਂਦੂ ਨੂੰ ਕੀ ਪਤਾ ਲਗਣਾ ਹੈ—ਡਾਇਰੈਕਟਰ ? ਜੇ ਉਸ ਨੂੰ ਪਤਾ ਲੱਗਣ ਦਿਆਂ ਤਾਂ ਮੈਂ ਲਿਖਾਰੀ ਕਾਹਦਾ—ਉਹਦਾ ਪਿਉ ਵੀ ਨਹੀਂ ਸਮਝ ਸਕੇਗਾ।

ਇਸ ਤੋਂ ਬਾਦ ਉਸ ਨੇ ਦਬਾਦਬ ਲਿਖਣਾ ਸ਼ੁਰੂ ਕੀਤਾ ਤੇ ਸ਼ਾਮ ਤੀਕ ਕੰਮ ਮੁਕਾ ਲਿਆ। ਮਾਲੀ ਨੇ ਗੁਲਦਸਤਾ ਤਿਆਰ ਕਰ ਲਿਆ, ਪਰ ਕਿਸੇ ਹੋਰ ਬਾਗ਼ ਦੇ ਫੁੱਲ ਚੁਰਾ ਕੇ। ਉਸ ਦੀ ਆਪਣੀ ਫੁਲਵਾੜੀ ਵਿਚ ਤਾਂ ਫੁੱਲ ਛੱਡ ਕੇ ਪਤਰ ਵੀ ਬਾਕੀ ਨਹੀਂ ਸੀ।

ਕਵੀ ਦੀ ਇਹ ਕਹਾਣੀ ਸਕਰੀਨ ਤੇ ਜਾ ਕੇ ਚੰਗੀ ਰਹੀ, ਸ਼ੁਹਰਤ ਵੀ ਮਿਲੀ। ਪਰ ਉਸ ਦੇ ਦਿਲ ਨੂੰ ਹਰ ਵੇਲੇ ਧੁੜਕੂ ਲੱਗਾ ਰਹਿੰਦਾ ਕਿ ਹੁਣੇ ਭੇਦ ਖੁਲ੍ਹਿਆ, ਹੁਣੇ ਨੌਕਰੀਓਂ ਜੁਆਬ ਮਿਲਿਆ।

ਇਕ ਦਿਨ ਆਪਣੇ ਲਿਖਣ-ਕਮਰੇ ਵਿਚ ਬੈਠਾ ਉਹ ਇਨ੍ਹਾਂ ਚਿੰਤਾ ਭਰੀਆਂ ਸੋਚਾਂ ਵਿਚ ਗੁੰਮ ਸੀ ਕਿ ਇਸੇ ਵੇਲੇ ਨੌਕਰ ਨੇ ਉਸ ਨੂੰ ਇਕ ਲਿਫ਼ਾਫ਼ਾ ਦਿੱਤਾ।

ਖੋਲ੍ਹ ਕੇ ਉਸ ਪੜ੍ਹਿਆ। ਪੜ੍ਹਦਿਆਂ ਪੜ੍ਹਦਿਆਂ ਉਸ ਨੇ ਓਨੇ ਹੀ ਰੰਗ ਬਦਲੇ, ਜਿਤਨੇ ਚਿੱਠੀ ਦੇ ਵਾਕ। ਇਸ ਦਾ ਮਜ਼ਮੂਨ ਇਉਂ ਸੀ—"ਅੱਜ ਤੀਕ ਮੇਰੇ ਦਿਲ ਵਿਚ ਤੁਹਾਡੀ ਬੜੀ ਸ਼ਰਧਾ ਸੀ ਤੇ ਮੈਂ ਸਮਝਦਾ ਸਾਂ ਕਿ ਤੁਸੀਂ ਇਕ ਚੋਟੀ ਦੇ ਲੇਖਕ ਹੋ। ਪਰ ਤੁਹਾਡੀ ਇਹ ਕਹਾਣੀ ਜਦ ਸਕਰੀਨ ਤੇ ਵੇਖੀ ਤਾਂ ਮੈਨੂੰ ਆਪਣੀ ਮੂਰਖਤਾ ਉਤੇ ਹੀ ਰੰਜ ਹੋਇਆ ਜੁ

ਮੈਂ ਕਿਤਨਾ ਧੋਖੇ ਵਿਚ ਰਿਹਾ। ਮਲੂਮ ਹੁੰਦਾ ਹੈ ਤੁਹਾਡੀਆਂ ਅੱਜ ਤੀਕ ਦੀਆਂ ਰਿਸਾਲਿਆਂ ਵਿਚ ਛਪੀਆਂ ਕਵਿਤਾਵਾਂ ਤੇ ਡਰਾਮੇ ਵੀ ਕਿਸੇ ਹੋਰ ਹੀ ਬਦਕਿਸਮਤ ਦੀ ਚਰਾਈ ਹੋਈ ਪੂੰਜੀ ਸਨ। ਕੀ ਮੈਂ ਇਹ ਪੇਸ਼ੀਨਗੋਈ ਕਰਨ ਦਾ ਅਧਿਕਾਰੀ ਨਹੀਂ ਹਾਂ ਕਿ ਤੁਹਾਡੀ ਇਹ ਠੱਗੀ ਦੀ ਦੁਕਾਨ ਬਹੁਤੇ ਦਿਨ ਨਹੀਂ ਚਲੇਗੀਂ ? ਬਹੁਤਾ ਕੀ ਲਿਖਾਂ, ਅੰਤ ਵਿਚ ਇਤਨਾ ਹੀ ਕਹਿੰਦਾ ਹਾਂ ਕਿ ਰੱਬ ਤੁਹਾਡੇ ਉਤੇ ਰਹਿਮ ਕਰੇ ਤੇ ਤੁਹਾਡੀ ਚੋਰੀ ਦੀ ਆਦਤ ਹਟ ਜਾਵੇ।

ਤੁਹਾਡਾ ਸ਼ੁਭਚਿੰਤਕ..."

ਕਵੀ ਦੇ ਚਿਹਰੇ ਉਤੇ ਮੁਰਦੇਵੰਨੀ ਛਾ ਗਈ। ਉਸ ਨੇ ਚਿੱਠੀ ਖੀਸੇ ਵਿਚ ਪਾ ਲਈ ਤੇ ਹਥੇਲੀ ਨਾਲ ਸਿਰ ਥੰਮ੍ਹ ਕੇ ਡੂੰਘੀਆਂ ਸੋਚਾਂ ਵਿਚ ਡੁੱਬ ਗਿਆ।

ਇਸੇ ਵੇਲੇ ਪ੍ਰੀਤਮ ਕੌਰ ਅੰਦਰ ਆਈ। ਉਸ ਦੇ ਹੱਥ ਵਿਚ ਇਕ ਫੈਨਸੀ ਕਾਰਡ ਸੀ। ਪਤੀ ਦਾ ਮੋਢਾ ਫੜ ਕੇ ਬੋਲੀ—"ਮੇਰੀ ਸਹੇਲੀ ਮਿਸ ਚੰਦ੍ਰਾਵੰਤੀ ਨੇ ਥੀਏਟਰ ਦਾ ਪਾਸ ਭੇਜਿਆ ਏ। ਚਲੋਗੇ ਨਾ ਅੱਜ ਰਾਤ ਨੂੰ ?"

ਛਿੱਥਾ ਹੋ ਕੇ ਹੱਥ ਨਾਲ ਉਸ ਨੂੰ ਧਕਦਾ ਹੋਇਆ ਕਵੀ ਬੋਲਿਆ— "ਚੁੱਲੇ 'ਚ ਪਾ ਪਾਸ ਨੂੰ। ਉਹ ਫਿਰੇ ਨੱਥ ਘੜਾ ਨੂੰ ਤੇ ਉਹ ਫਿਰੇ ਨੱਕ ਵਢਾਣ ਨੂੰ। ਇਸ ਨੂੰ ਪਾਸਾਂ ਦੀ ਪਈ ਹੋਈ ਏ।

ਪਤੀ ਦੀਆਂ ਗੱਲਾਂ ਦਾ ਅਸਰ ਕਬੂਲਣ ਤੋਂ ਬਿਨਾਂ ਹੀ ਪ੍ਰਤੀਮ ਕੌਰ ਬੋਲੀ—ਸੱਚ ਮੁੱਚ, ਬੜਾ ਈ ਚੰਗਾ ਖੇਲ ਏ। ਵੇਖੋਗੇ ਤੇ ਖੁਸ਼ ਹੋ ਜਾਓਗੇ।" ਤੇ ਉਸ ਨੇ ਕਾਰਡ ਮੇਜ਼ ਤੇ ਰੱਖ ਦਿੱਤਾ।

ਕਾਰਡ ਨੂੰ ਟੁਕੜੇ ਟੁਕੜੇ ਕਰਕੇ ਇਕ ਪਾਸੇ ਸੁੱਟਦਾ ਹੋਇਆ ਕਵੀ ਬੋਲਿਆ—"ਦਫ਼ਾ ਕਰ ਪਰੇ। ਪਾਸ ਪਾਸ ਕੂਕਣ ਡਈ ਹੋਈ ਏ। ਇਥੇ ਜਾਨ ਨੂੰ ਬਣੀ ਹੋਈ ਏ, ਤੇ ਇਸ ਨੂੰ ਪਾਸ ਪਏ ਸੁਝਦੇ ਨੇ। ਤੇਰੇ ਪਾਸਾਂ ਨੇ ਈ ਸਾਰੇ ਕੰਮ ਸਾਰਨੇ ਨੇ ਕਿ।"

ਪ੍ਰੀਤਮ ਕੌਰ ਹੱਕੀ ਬੱਕੀ ਹੋ ਕੇ ਪਤੀ ਦੇ ਮੂੰਹ ਵੱਲ ਤੱਕਣ ਲੱਗ ਪਈ।

... ... ... ...

ਕੰਪਨੀ ਦੇ ਸਟਾਫ ਨੂੰ ਤਨਖਾਹਾਂ ਮਿਲ ਰਹੀਆਂ ਸਨ। ਨੋਟਾਂ ਦੀਆਂ ਥੱਬੀਆਂ ਨਾਲ ਖੀਸੇ ਭਰੇ ਜਾ ਰਹੇ ਸਨ।

ਮੈਨੇਜਰ ਨੇ ਡਰਾਮਾ-ਨਵੀਸ ਦਾ ਨਾਉਂ ਬੋਲਿਆ ਤੇ ਸੌ ਸੌ ਦੇ ਛੇ ਨੋਟ ਗਿਣ ਕੇ ਉਸ ਨੇ ਮੇਜ਼ ਤੇ ਰੱਖੇ। ਪਰ ਡਰਾਮਾ-ਨਵੀਸ ਉਥੇ ਨਹੀਂ ਸੀ।

ਟੈਲੀਫੂਨ ਦੀ ਘੰਟੀ ਵੱਜੀ, ਮੈਨੇਜਰ ਰੀਸੀਵਰ ਨੂੰ ਕੰਨ ਨਾਲ ਲਾ ਕੇ ਬੋਲਿਆ—ਹੈਲੋ! ਕਿਥੋਂ ਬੋਲਦੇ ਓ?"

"ਰੇਲਵੇ ਸਟੇਸ਼ਨ ਤੋਂ, ਤੁਹਾਡਾ ਡਰਾਮਾ-ਨਵੀਸ।"

"ਜਲਦੀ ਆਓ—ਤਨਖਾਹ ਲੈ ਜਾਓ।"

"ਸ਼ੁਕਰੀਆ! ਮੈਂ ਜਾ ਰਿਹਾ ਹਾਂ।"

"ਕਿਧਰ?"

"ਜਿਧਰੋਂ ਆਇਆ ਸਾਂ"

"ਇਸ ਦਾ ਮਤਲਬ?"

"ਮਤਲਬ ਇਹੋ, ਕਿ ਮੈਂ ਇਸ ਤਨਖਾਹ ਦੇ ਲਾਇਕ ਨਹੀਂ, ਨਾ ਹੀ ਇਹ ਤਨਖਾਹ ਮੇਰੇ ਲਾਇਕ ਹੈ।"

"ਕਿਉਂ?"

ਪਰ 'ਕਿਉਂ" ਦੇ ਉੱਤਰ ਵਿਚ ਦੂਜੇ ਪਾਸਿਓਂ ਕੋਈ ਨਹੀਂ ਬੋਲਿਆ। ਕਈ ਵੇਰ ਹੁੱਕ ਦਬਾਣ ਤੋਂ ਬਾਅਦ ਮੈਨੇਜਰ ਨੇ ਰੀਸੀਵਰ ਰੱਖ ਦਿੱਤਾ।

●

ਲੋਕ ਸਾਹਿਤ ਪ੍ਰਕਾਸ਼ਨ

ਅੰਮ੍ਰਿਤਸਰ